Fancy
LONG EX-BOOK

ਸ਼ੁਧ ਗੁਰਬਾਣੀ

ਮਾਸਟਰ ਦਰਸ਼ਨ ਸਿੰਘ ਜੀ

No. 35

FANCY COPY MFRS & STATIONERS
BOOKS MARKET
LUDHIANA
PH: 721639

☆ NAME
☆ CLASS
☆ SUB.

No.
40

Sri Satguru Jagjit Singh Ji Library Namdhari Library@gmail.com

Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

Cl. DARSHAN SINGH

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਪਰਮ ਪੂਜਨੀਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸਤਿਕਾਰ ਯੋਗ ਸਾਧ ਸੰਗਤ ਜੀ ਮੈਂ ਸ੍ਰੀ ਸਤਿਗੁਰੂ ਜੀ ਦੀ ਬਖਸ਼ੀ ਬੁੱਧੀ ਅਨੁਸਾਰ, ਗੁਰਬਾਣੀ ਦੇ ਸ਼ੁੱਧ ਉਚਾਰਣ ਬਾਰੇ ਸੰਖੇਪ ਰੂਪ ਵਿਚ ਬੇਨਤੀਆਂ ਕਰਨ ਦਾ ਯਤਨ ਕਰ ਰਿਹਾ ਹਾਂ।

ਗੁਰਬਾਣੀ ਦੇ ਅਸਲੀ ਭਾਵ ਨੂੰ ਤਾਂ ਬਾਣੀ ਦੀ ਉਚਾਰਣ ਵਾਲੇ ਗੁਰੂ ਸਾਹਿਬਾਨ ਹੀ ਸਮਝਦੇ ਸਨ, ਜਿਨ੍ਹਾਂ ਤੋਂ ਬਾਅਦ ਦੇ ਗੁਰੂ ਸਾਹਿਬਾਨ (ਜਿਨ੍ਹਾਂ ਦੇ ਗੱਦੀ ਨਸ਼ੀਨ) ਅਤੇ ਜਾਂ ਫਿਰ ਉਸ ਅਵਸਥਾ ਤੇ ਪੁੱਜੇ ਸਾਧੂ, ਭਗਤ, ਮਹਾਤਮਾ। ਕੇਵਲ ਵਿਦਵਾਨੀ ਵਿੱਦਿਆ ਨਾਲ ਗੁਰਬਾਣੀ ਦੇ ਅਸਲੀ ਭਾਵ ਨੂੰ ਸਮਝਣਾ ਕਠਿਨ ਹੀ ਨਹੀਂ, ਅਸੰਭਵ ਹੈ। ਪਰ ਫੇਰ ਵੀ ਸਮਝਣ ਦਾ ਯਤਨ ਕਰਨਾ ਸਾਡਾ ਫਰਜ਼ ਬਣਦਾ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪੂਰੇ ਹੁਕਮ-ਨਾਮੇ ਵਿਚ, ਰੋਜ਼ਾਨਾ ਅਰਦਾਸ ਕਰਨ ਸਮੇਂ ਇਹ ਬੇਨਤੀ ਕਰਨ ਲਈ ਸਿੱਖ ਭੇਜਿਆ ਕਿ "ਹੇ ਭਗਵਾਨ! ਜੇ ਤੂੰ ਗੁਰੂ ਰੂਪ ਧਾਰ ਕੇ ਹੁਕਮ ਦਿੱਤਾ ਹੈ ਬੀਚ ਸਾਹਿਬ ਦੇ, ਜੋ ਤੂੰ ਆਪਣਾ ਹੁਕਮ ਸਦਾ ਦੀ ਸਮਝਾਈਂ"। ਇਸ ਲਈ ਜੋ ਹੁਕਮ ਗ੍ਰੰਥ ਸਾਹਿਬ ਵਿਚ ਲਿਖੇ ਹਨ, ਉਹ ਹੁਕਮ ਹਰ ਗੁਰ-ਸਿੱਖ ਨੂੰ ਪੜ੍ਹ ਕੇ ਸਮਝਣੇ ਜ਼ਰੂਰੀ ਹਨ ਤੇ ਫੇਰ ਮੰਨਣੇ। ਉਹਨਾਂ ਹੁਕਮਾਂ ਨੂੰ ਸਮਝਣ ਲਈ ਬਾਣੀ ਦੇ ਸ਼ੁੱਧ ਪਾਠ ਕਰਨ ਦਾ ਗਿਆਨ ਹੋਣਾ ਜ਼ਰੂਰੀ ਹੈ। ਸ਼ੁੱਧ ਉਚਾਰਣ (ਪਾਠ ਕਰਨ) ਤੋਂ ਬਾਣੀ ਦਾ ਸਹੀ ਅਰਥ-ਬੋਧ ਨਹੀਂ ਹੁੰਦਾ ਅਤੇ ਸਹੀ ਅਰਥ ਬੋਧ ਤੋਂ ਬਿਨਾਂ ਬਾਣੀ ਦਾ ਸ਼ੁੱਧ ਉਚਾਰਣ ਅਸੰਭਵ ਹੈ, ਇਸ ਲਈ ਦੋਵਾਂ ਦਾ ਆਪਸੀ ਸਬੰਧ ਕਪੜੇ ਦੇ ਤਾਣੇ-ਪੇਟੇ ਵਾਂਗੂੰ ਹੈ।

ਬਾਣੀ ਦੇ ਸ਼ੁੱਧ ਉਚਾਰਣ ਤੋਂ ਭਾਵ ਹੈ, ਅੱਖਰਾਂ ਦਾ ਉਚਾਰਣ ਅਤੇ ਲਗਾਂ-ਮਾਤਰਾਂ ਦਾ ਉਚਾਰਣ, ਜੋ ਕਿ ਰੂਪ ਵਿਚ ਲਿਖਿਆ ਹੋਵੇ। ਲਘੂ ਤੋਂ ਦੀਰਘ ਅਤੇ ਦੀਰਘ ਤੋਂ ਲਘੂ ਨਾ ਉਚਾਰਿਆ ਜਾਵੇ। ਪਾਠ ਕਰਨ ਸਮੇਂ ਸੁਰ, ਤਾਲ, ਲੈਅ, ਨੂੰ ਧਿਆਨ ਵਿਚ ਰੱਖਿਆ ਜਾਵੇ। ਸ਼ਬਦ ਅਤੇ ਤੁਕ ਨੂੰ ਵਿਸ਼ਰਾਮ ਠੀਕ ਥਾਂ ਤੇ ਦਿੱਤਾ ਜਾਵੇ, ਤਾਂ ਕਿ ਅਰਥ ਦਾ ਅਨਰਥ ਨਾ ਹੋਵੇ। ਗਲਤ ਥਾਂ ਤੇ ਦਿੱਤਾ ਵਿਸ਼ਰਾਮ, ਅਸਲੀ ਭਾਵਾਰਥ ਤੋਂ ਦੂਰ ਲੈ ਜਾਵੇਗਾ ਅਤੇ ਗਲਤ ਭਾਵਾਰਥ ਮਨ ਅੰਦਰ ਵਸ ਜਾਵੇਗਾ, ਤਾਂ ਮਨੁੱਖ ਨੂੰ ਅਸਲੀਅਤ ਤੋਂ ਦੂਰ ਲੈ ਜਾਵੇਗਾ ਅਤੇ ਮਨੁੱਖੀ ਜ਼ਿੰਦਗੀ ਵਿਕਾਰਾਂ ਦੇ ਗਹਿਰੇ ਟੋਏ ਵਿਚ ਡਿੱਗ ਸਕਦੀ ਹੈ।

ਗੁਰਬਾਣੀ ਰਾਗਾਂ ਅਤੇ ਛੰਦਾਂ ਵਿਚ ਉਚਾਰੀ ਗਈ ਹੈ ਜੋ ਪਾਠ ਕਰਨ ਸਮੇਂ ਲੈਅ ਰਸ-ਮਈ ਹੋਵੇ ਕਿ ਪਾਠੀ ਅਤੇ ਸ੍ਰੋਤੇ ਦੀ ਸੁਰ ਗੁਰ-ਬਾਣੀ ਨਾਲ ਜੁੜ ਜਾਵੇ, ਗੁਰਬਾਣੀ ਦਾ ਪ੍ਰਭਾਵ ਰਸ ਸਾਹਿਤ ਕਾ ਸੇਕ ਅਤੇ ਭਾਵਿਕ ਆਨੰਦ ਵਿਚ ਵੇਖੀ ਸਕਿਤਾ ਦਾ ਹੋਵੇ।

ਪਾਠ ਕਰਨ ਸਮੇਂ ਇਹਨਾਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ ਜਿਵੇਂ ਇਕ ਮਹਾਤਮਾ ਸੰਤ ਸਿਆਮ ਸਿੰਘ ਜੀ ਇਸ ਤਰ੍ਹਾਂ ਲਿਖਦੇ ਹਨ।

ਐਸੇ ਕੇ ਅਨੇਕ ਚਾਂਪ ਆਸਨ ਕੇ ਸਾਧ ਕੇਤੇ,
ਗਾੜ੍ਹੇ ਕੇ ਅਭੇਸ ਰੂਪ ਏਕਤਾਸ ਕੀਜਿਏ ॥
ਜੀਤ ਕੇ ਵਿਰੋਧ ਕੈ ~~[illegible]~~, ਪ੍ਰਬੋਧ ਕੈ ਪ੍ਰਕਾਸ਼ ਪ੍ਰੇਮ,
ਗਾਈ ਨ ਵਿਛਾਯ ਨ ਪ੍ਰਮੇਰ ਗਾਥ ਦੀਜਿਏ ।
ਬਾਂਸੀ, ਰੂਪ, ਦਾਸਤਾ, ਜੰਤ੍ਰਾਣੀ, ਲੈ ਤਰਾਨ, ਕੀਰ,
ਗੰਸੀ, ਸੀਂਙ, ਸੰਖ ਔਰ, ਮ੍ਰਿਦੰਗ ਨਾ ਰਖੀਜੈ ।
ਸਾਂਤੂਰੀ ਸੁਰਾਇਣੈ ਆਰਾਸ ਸੇ ਪ੍ਰਗਾਇ, ਪਖਾਨ,
ਗ੍ਰੰਥ ਕੇ ਪਾਠ ਪਖਾਰ ਐਸੀ ਭਾਂਤ ਕੀਜਿਏ ॥

ਅਰਥ;-

ਸਗਾ, ਸਤ੍ਰੈਖੀ ਸਨ ਨੂੰ ਪ੍ਰਸੰਗ ਨਾਲ ਜੋੜਦੇ ਜੋੜਦੇ ਉਤਸ਼ਾਹਾਂ ਵਿਚੋਂ ਇੱਕ ਹੈ ਇਤਨਾ ਯੋਗਤੀਆਂ ਦਾ ਕਰਤਾ ਸਕਾਂ ਪ ਸਮਤਾ ਨਾਲ ਹੈ ਪਰ ' ਇਸ ਤੋਂ ਪੂਰਾ ਲਾਭ ਤਾਂ ਲਿਆ ਜਾ ਸਕਦਾ ਹੈ ਜੇਕਰ ਰਸਤਾ ਨਾਲ ਨਾਲ ਦਾ ਉਚਾਰਣ ਕਰਨਾ, ਕੇਵਲ ਨਾਲ ਗੁਰਬਾਣੀ ਦੇ ਸ਼ਬਦ ਦੇ ਨਾਲ ਨਾਲ ਅਤੇ ਸੂਤੇ ਕੇਵਲ ਮਨ ਦੀ ਇਕਾਗਰਤਾ, ਹਿਰਦੇ ਦੀ ਸ਼ੁੱਧਤਾ ਅਤੇ ਆਪਣੇ ਗੁਰੂਆਂ ਪੂਰੀ ਸ਼ਰਧਾ ਦਾ ਹੋਣਾ ਜ਼ਰੂਰੀ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿੱਤਰ ਉਪਦੇਸ਼ (ਟੇਪ-ਰੀਕਾਰਡ) ਵਿਚ ਫੁਰਮਾਉਂਦੇ ਹੈ 'ਸ੍ਰੀ ਗ੍ਰੰਥ ਸਾਹਿਬ ਨੂੰ ਸਿਰਫ ਮੱਥਾ ਟੇਕਦੇ ਰਹਿਣ, ਪ੍ਰਸ਼ਾਦ ਦੇਂਦੇ ਰਹਿਣ, ਰੁਮਾਲੇ ਚੜ੍ਹਾਉਂਦੇ ਰਹਿਣ ਗੀ ਗੁਰਬਾਣੀ ਦਾ ਅਰਥ ਨਹੀਂ ਹੈ ਜਾਣਦੇ (ਜੇਕਰ ਇਸ ਵਿਚ ਗਿਆਨ ਦਾ ਭਾਵ ਇਹ ਨਹੀਂ ਕਿ ਗੁਰਬਾਣੀ ਦਾ ਸਤਿਕਾਰ ਨਹੀਂ ਕਰਨਾ- ਇਸ ਤੋਂ ਹੀ ਵੱਧ ਸਤਿਕਾਰ ਕਰਨਾ ਚਾਹੀਦਾ ਜ਼ਰੂਰੀ ਹੈ।) ਪਰ ਅਸਲੀ ਸਤਿਕਾਰ ਤਾਂ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿੱਖਿਆ ਹੈ ਉਸ ਦਾ ਠੀਕ ਤਰ੍ਹਾਂ ਸਮਝ ਕੇ ਅਤੇ ਉਸ ਅਨੁਸਾਰ ਜੀਵਨ ਜਿਉਂ ਲਈਏ। ਪਰ ਅੱਜ ਦਾ ਮਨੁੱਖ ਆਪਣੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਅਮਲੀ ਰੂਪ ਦੇਣ ਤੋਂ ਕਤਰਾਉਂਦਾ ਹੈ।

"ਧ੍ਯਾਨੀ ਪਢਉ ਸ਼ੁੱਧ ਗੁਰ ਵੇਰੀ"

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

ਪਰਮ ਪੂਜਯ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪ ਜੀ ਆਗਿਆ ਲੈ ਕੇ ਆਪ ਜੀ ਬਖਸ਼ੀ ਬੁੱਧੀ ਅਨੁਸਾਰ, ਗੁਰਬਾਣੀ ਦੇ ਸ਼ੁੱਧ ਉਚਾਰਣ (ਪਾਠਕਰਣ) ਦੇ ਸਬੰਧੀ ਕੁਝ ਪੰਗਤੀਆਂ ਲਿਖਣ ਦਾ ਯਤਨ ਕਰਨ ਲੱਗਾ ਤਾਂ ਆਪ ਸਹਾਇਤਾ ਕਰੋ ਅਤੇ ਦੀਨ ਤੇ ਮਿਹਰ ਭਰਿਆ ਹੱਥ ਰੱਖੋ ।

ਗੁਰਬਾਣੀ ਤੋਂ ਭਾਵ "ਗੁਰੂ ਸਾਹਿਬਾਨ ਦੁਆਰਾ ਰਚਿਤ ਬਾਣੀ" ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਤੋਂ ਇਲਾਵਾ ਭਾਈ ਗੁਰਦਾਸ ਜੀ ਦੁਆਰਾ ਰਚਿਤ ਬਾਣੀ ਵਾਰਾਂ ਦੇ ਰੂਪ ਵਿਚ ਅਤੇ ਕਬਿੱਤ ਸਵੈਯਾਂ ਦੇ ਰੂਪ ਵਿਚ ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀ ਕੁੰਜੀ ਦੀ ਪਦਵੀ ਬਖਸ਼ੀ ਹੈ।

ਗੁਰਬਾਣੀ ਦੇ ਸ਼ੁੱਧ ਉਚਾਰਣ ਸਬੰਧੀ ਗੁਰਬਾਣੀ ਦੀ ਵਿਆਕਰਣ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ ਭਾਵੇਂ ਮੈਂ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਜੀ ਰਚਿਤ ਬਾਣੀ ਬਾਰੇ ਕੁਝ ਲਿਖਾਂਗਾ ਪਰ ਮੁੱਖ ਰੂਪ ਵਿਚ "ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਦੇ ਸਬੰਧ ਉਲੇਖ ਕਰਨ ਦਾ ਯਤਨ ਕਰਾਂਗਾ । /

ਗੁਰਬਾਣੀ ਦੀ ਵਿਆਕਰਣ ਸਬੰਧੀ ਕੁਝ ਕਹਿਣ ਤੋਂ ਪਹਿਲਾਂ ਕੁਝ ਖੋਜੀਆਂ ਦਾ ਵਿਚਾਰ

ਗੁਰਬਾਣੀ ਦੇ ਅਸਲੀ ਭਾਵ ਨੂੰ ਬਾਣੀ ਦੇ ਉਚਾਰਣ ਦੁਆਰਾ ਗੁਰੂ ਸਾਹਿਬਾਨ ਹੀ ਸਮਝਦੇ ਸਨ, ਕਿਉਂਕਿ ਉਨ੍ਹਾਂ ਤੋਂ ਬਾਅਦ ਦੇ ਗੁਰੂ ਸਾਹਿਬਾਨ (ਉਨ੍ਹਾਂ ਦੇ ਗੱਦੀ-ਨਸ਼ੀਨ) ਅਤੇ ਜਾਂ ਫਿਰ ਉਨ ਸਾਹਿਬਾਂ ਦੇ ਪੈਰੋਕਾਰ ਭਗਤ, ਸਾਧੂ, ਮਹਾਤਮਾ / ਕੇਵਲ ਦੁਨਿਆਵੀ ਵਿਦਿਆ ਨਾਲ ਗੁਰਬਾਣੀ ਦੇ ਅਸਲੀ ਭਾਵ ਨੂੰ ਸਮਝ ਨਹੀਂ ਸਕਦੇ ਸੀ, ਅਸੰਭਵ ਹੈ। ਪਰ ਫੇਰ ਵੀ ਸਮਝ ਦਾ ਯਤਨ ਕਰਨਾ ਸਾਡਾ ਫਰਜ਼ ਬਣਦਾ ਹੈ / ਜੋ ਕੁਝ ਖੋਜੀਆਂ ਨੇ ਆਦਿ ਗੁਰੂ ਗ੍ਰੰਥ ਵਿਚ ਖੋਜ ਕੀਤੀ ਦਰਜ ਕੀਤਾ ਹੈ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਾਰ ਗੁਰੂਆਂ, ਭਗਤਾਂ ਆਦਿ ਦੀ ਬਾਣੀ ਇਕੱਤਰ ਕਰਕੇ ਅਤੇ ਆਪਣੇ ਸੁਆਰਥ ਤੋਂ ਬਾਣੀ ਉਚਾਰ ਕੇ ਇਕ ਵਿਚ ਦਰਜ ਕਰਾਈ ਅਤੇ ਇਸ ਗ੍ਰੰਥ ਦੇ ਰੂਪ ਵਿਚ ਤਰਤੀਬ ਦਿੱਤੀ। ਪੰਜਵੇਂ ਪਾਤਸ਼ਾਹ ਦੇ ਆਦੇਸ਼ ਅਨੁਸਾਰ ਭਾਈ ਗੁਰਦਾਸ ਜੀ ਤੋਂ ਸੰਮਤ 1660 ਵਿਚ ਲਿਖਵਾਉਣਾ ਆਰੰਭ ਕੀਤਾ ਅਤੇ ਭਾਦੋਂ ਸੁਦੀ ਇਕ ਸੰਮਤ 1661 ਨੂੰ ਪਵਿੱਤਰ ਦਰਬਾਰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਇਸ ਦੀ ਸਥਾਪਨਾ ਕੀਤੀ ਅਤੇ ਮੁੱਖ-ਗ੍ਰੰਥੀ ਬਾਬਾ ਬੁੱਢਾ ਜੀ ਨੂੰ ਇਸ ਦਾ ਮੁੱਖੀ ਥਾਪਿਆ।

ਇਸ ਗ੍ਰੰਥ ਵਿਚ ਕੁਝ ਮਨੁੱਖ ਨੂੰ, ਗੁਰੂ ਨੂੰ ਮਿਲਣਾ, ਉਸ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ, ਉਸ ਦੀ ਕਮਾਈ ਕਰਕੇ ਪਰਮੇਸ਼ਰ ਨਾਲ ਮਿਲਾਪ ਦਾ ਰਾਹ ਦੱਸਿਆ ਹੈ। ਇਹ ਬਾਣੀ ਕੇਵਲ, ਧਾਰਮਿਕ ਅਤੇ ਸਮਾਜਕ ਫੈਸਲੇ ਮਨੁੱਖ ਨੂੰ ਸੰਸਾਰ ਵਿਚ ਸ਼ਾਂਤੀ ਦੀ ਜੀਵਨ ਸਮਾਜ ਅਤੇ ਦੁਨੀਆਂ ਨੂੰ ਸ਼ਾਂਤੀ ਦਾ ਜੀਵਨ ਗੁਜ਼ਾਰਨ ਦੀ ਪ੍ਰੇਰਨਾ ਦਿੱਤੀ ਹੈ। ਇਸ ਤੋਂ ਉੱਪਰ ਇਸ ਵਿਚ ਸੰਸਾਰ ਤੋਂ ਜਨਮ ਮਰਨ ਆਵਾਗਵਣ ਤੋਂ ਛੁਟਕਾਰਾ ਪਾ ਕੇ ਉਸ ਅਕਾਲ ਪੁਰਖ ਨਾਲ ਅਭੇਦ ਹੋਣ ਦਾ ਮਾਰਗ ਵੀ ਦੱਸਿਆ ਹੈ। ਇਸ ਉਪਰੋਕਤ ਚੀਜ਼ ਨੂੰ ਭਾਈ ਗੁਰਦਾਸ ਜੀ ਅਪਣੀ ਬੀੜ ਜੋ ਕਰਤਾਰਪੁਰ ਵਾਲੀ ਬੀੜ ਦੇ ਨਾਮ ਤੋਂ ਜਾਣੀ ਜਾਂਦੀ,

ਭਾਵੇਂ ਕੇ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਦਾ ਰੂਪ-ਆਕਾਰ ਤਾਂ

ਦਮਦਮੀ ਬੀੜਾਂ ਦੇ ਤੌਰ ਤੇ ਹੀ ਸਰੂਪ ਦੇਖਣ ਵਿਚ ਆਉਂਦੇ ਹਨ। ਜਿਨ੍ਹਾਂ ਵਿਚੋਂ ਭਾਈ ਬੰਨੋ ਵਾਲੀ ਬੀੜ ਅਤੇ ਦਮਦਮੀ ਬੀੜ ਦਾ ਜ਼ਿਕਰ ਆਉਂਦਾ ਹੈ। ਦਮਦਮੀ ਬੀੜ ਬਾਰੇ ਕੁਝ ਵਿਦਵਾਨਾਂ ਦਾ ਮੱਤ ਹੈ ਕਿ ਸੰਮਤ 1762-63 ਵਿਚ ਸ੍ਰੀ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੁਸਾਰ ਦਮਦਮੇ (ਸਾਬੋ ਕੀ ਤਲਵੰਡੀ) ਦੇ ਮੁਕਾਮ ਤੇ ਆਤਮਕ ਸ਼ਕਤੀ ਨਾਲ ਕੰਠ ਬਾਣੀ ਉਚਾਰ ਕੇ ਇਹ ਬਾਣੀ ਲਿਖਵਾਈ ਅਤੇ ਇਸ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਸ਼ਮੂਲੀਅਤ ਕੀਤੀ ਗਈ। ਜਿਸ ਨੂੰ ਅੱਜ ਕੱਲ ਦਮਦਮੀ ਬੀੜ ਦੇ ਨਾਮ ਨਾਲ ਜਾਣਦੇ ਹਨ। ਪਰ ਕਈ ਵਿਦਵਾਨ ਇਸ ਮੱਤ ਨਾਲ ਸਹਿਮਤ ਨਹੀਂ ਉਨ੍ਹਾਂ ਦਾ ਵਿਚਾਰ ਹੈ ਕਿ ਨੌਵੇਂ ਪਾਤਸ਼ਾਹ ਦੀ ਬਾਣੀ ਤਾਂ ਦਸਮੇਂ ਪਾਤਸ਼ਾਹ ਦੇ ਗੁਰਗੱਦੀ ਤੇ ਬਿਰਾਜਮਾਨ ਹੋਇਆਂ ਸਾਰ ਹੀ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਰਜ ਕਰਵਾ ਦਿੱਤੀ ਸੀ।

ਤਕਰੀਬਨ 1430 ਪੰਨੇ ਵਾਲੀ ਬੀੜ ਜੋ ਅੱਜ ਕੱਲ ਪ੍ਰਚਲਤ ਹੈ ਉਸ ਬਾਰੇ ਕੁਝ ਜਾਣਕਾਰੀਆਂ ਦਰਸ਼ੀਆਂ ਹਨ। ਇਸ ਵਿਚ ਬਾਣੀ ਰਾਗਾਂ ਵਿਚ ਉਚਾਰੀ ਗਈ ਹੈ ਜਿਸ ਦੇ ਅਧਾਰ ਪਦ, ਛੰਤ, ਸਲੋਕ, ਪਉੜੀ ਆਦਿ ਦਾ ਵੇਰਵਾ ਇਸ ਪ੍ਰਕਾਰ ਹੈ।

ਇਸ ਵਿਚ ਕੁੱਲ 31 ਰਾਗ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ।

1. ਸਿਰੀ ਰਾਗ 2. ਰਾਗ ਮਾਝ 3. ਰਾਗ ਗਉੜੀ 4. ਰਾਗ ਆਸਾ 5. ਰਾਗ ਗੂਜਰੀ. 6 ਰਾਗ ਦੇਵਗੰਧਾਰੀ 7. ਰਾਗ ਬਿਹਾਗੜਾ 8. ਰਾਗ ਵਡਹੰਸ 9. ਰਾਗ ਸੋਰਠਿ 10. ਰਾਗ ਧਨਾਸਰੀ 11. ਰਾਗ ਜੈਤਸਰੀ 12. ਰਾਗ ਟੋਡੀ 13. ਰਾਗ ਬੈਰਾੜੀ। 14. ਰਾਗ ਤਿਲੰਗ 15. ਰਾਗ ਸੂਹੀ 16. ਰਾਗ ਬਿਲਾਵਲ 17. ਰਾਗ ਗੋਂਡ 18. ਰਾਗ ਰਾਮਕਲੀ 19. ਰਾਗ ਨਟ ਨਾਰਾਇਨ 20. ਰਾਗ ਮਾਲੀ ਗਉੜਾ 21 ਰਾਗ ਮਾਰੂ 22. ਰਾਗ ਤੁਖਾਰੀ 23. ਰਾਗ ਕੇਦਾਰਾ 24. ਰਾਗ ਭੈਰਉ 25. ਰਾਗ ਬਸੰਤ 26. ਰਾਗ ਸਾਰੰਗ 27. ਰਾਗ ਮਲਾਰ 28 ਰਾਗ ਕਾਨੜਾ 29. ਰਾਗ ਕਲਿਆਨ 30. ਰਾਗ ਪ੍ਰਭਾਤੀ 31. ਰਾਗ ਜੈਜਾਵੰਤੀ।

ਇਨ੍ਹਾਂ ਇਕੱਤੀ ਰਾਗਾਂ ਤੋਂ ਬਿਨਾਂ ਹੋਰ ਵੀ ਬਾਣੀਆਂ ਹਨ ਜਿਨ੍ਹਾਂ ਨੂੰ ਰਾਗਾਂ ਦਾ ਨਾਮ ਨਹੀਂ ਦਿੱਤਾ ਪਰ ਸਾਰੀ ਰਾਗਾਂ ਵਿਚ ਹੀ ਆਉਂਦੀ ਹੈ ਜਿਵੇਂ ਤਾਂ ਸਾਹਿਬ ਵਿਚ ਜਪੁ ਸਾਹਿਬ, ਰਹਿਰਾਸ ਦੀ ਬਾਣੀ ਜੋ "ਸੋ ਦਰੁ" ਤੋਂ ਸੋਹਿਲਾ ਪੰਜ ਕੀ ਸ਼ਬਦ ਸਬਦਾਂ ਤਕ ਅਤੇ ਆਰਤੀ ਸੋਹਿਲਾ ਇਸ ਤੋਂ ਬਾਦ ਉਪਰੰਤ ਬਾਣੀ ਸ੍ਰੀ ਰਾਗ ਤੋਂ ਰਾਗ ਜੈਜਾਵੰਤੀ ਤਕ ਦਰਜ ਹੈ। ਰਾਗ ਜੈਜਾਵੰਤੀ ਤੋਂ ਬਾਦ ਹੋਰ ਬਾਣੀਆਂ ਦਰਜ ਕੀਤੀਆਂ ਹਨ। ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਭਗਤ ਕਬੀਰ ਜੀ, ਸਲੋਕ ਸ਼ੇਖ ਫਰੀਦ ਦੇ, ਭੱਟਾਂ ਦੇ ਸਵੱਈਏ ਵਾਰਾਂ ਤੇ ਵਧੀਕ, ਨੌਵੇਂ ਮਹੱਲੇ ਦੇ ਸਲੋਕ, ਮੁੰਦਾਵਣੀ ਅਤੇ ਰਾਗ ਮਾਲਾ।

ਹੁਣ ਮੈਂ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵੇਰਵਾ ਉਨ੍ਹਾਂ ਦੇ ਕਰਤਾ ਅਨੁਸਾਰ ਪੇਸ਼ ਕਰਾਂ ਗਾ।

Sri Satguru Jagjit Singh Ji Elibrary NamdhariElibrary@gmail.com

1. ਸ੍ਰੀ ਗੁਰੂ ਨਾਨਕ ਦੇਵ ਜੀ 947.
2. ਸ੍ਰੀ ਗੁਰੂ ਅੰਗਦ ਦੇਵ ਜੀ 63
3. ਸ੍ਰੀ ਗੁਰੂ ਅਮਰਦਾਸ ਜੀ 869
4. ਸ੍ਰੀ ਗੁਰੂ ਰਾਮਦਾਸ ਜੀ 638
5. ਸ੍ਰੀ ਗੁਰੂ ਅਰਜਨ ਦੇਵ ਜੀ 2312
6. ਸ੍ਰੀ ਗੁਰੂ ਤੇਗ ਬਹਾਦਰ ਜੀ 115
7. ਸ੍ਰੀ ਗੁਰੂ ਗੋਬਿੰਦ ਸਿੰਘ ਜੀ 01 (ਇੱਕ) (ਬਾਣੀ ਰਾਗ ਬੀਚਾਰ ਛੁਟੇ) ਅਤੇ ਪ੍ਰਚਲਤ ਬੀੜਾਂ ਤੇ ਪਾਤਸ਼ਾਹੀ 10 ਦਾ ਲਿਖਿਆ ਮਿਲਦਾ)
8. ਸੱਤਾ ਅਤੇ ਬਲਵੰਡ ਪਦ 8 (ਰਾਮਕਲੀ ਦੀ ਵਾਰ ਟਿੱਕੀ)
9. ਸੁੰਦਰ ਜੀ (ਰਾਮਕਲੀ ਸਦੁ), ਪਦ 6
10. ਭਗਤ ਸਧਨਾ ਜੀ = 01
11. ਭਗਤ ਸੂਰਦਾਸ ਜੀ = 02.
12. ਭਗਤ ਸੈਣ ਜੀ = 01
13. ਭਗਤ ਕਬੀਰ ਜੀ = 534
14. ਭਗਤ ਜੈ ਦੇਵ ਜੀ = 02
15. ਭਗਤ ਤ੍ਰਿਲੋਚਨ ਜੀ = 05
16. ਭਗਤ ਧੰਨਾ ਜੀ = 04
17. ਭਗਤ ਨਾਮਦੇਵ ਜੀ = 62.
18. ਭਗਤ ਪਰਮਾਨੰਦ ਜੀ = 01
19. ਭਗਤ ਪੀਪਾ ਜੀ = 01
20. ਬਾਬਾ ਫਰੀਦ ਜੀ = 123 (ਚਾਰ "ਸ਼ਬਦ ਸਲੋਕ ਸ਼ੇਖ ਫਰੀਦ ਦੇ" ਨੂੰ ਇਕ ਗਿਣਿਆ ਹੈ)
21. ਭਗਤ ਬੇਣੀ ਜੀ = 03
22. ਭੱਟਾਂ ਦੇ ਸਵੈਯੇ = 123. ਇਸ ਵਿਚ 16 ਭਟ ਅਤੇ ਗੁਰੂ ਜੀ ਦੀ ਬਾਣੀ ਇਕੱਠਾ ਹੀ ਗਿਣਿਆ ਗਿਆ ਹੈ ॥
23. ਭਗਤ ਭੀਖਣ ਜੀ = 02.
24. ਮਰਦਾਨਾ ਜੀ = 02 (ਸਲੋਕ)
25. ਭਗਤ ਰਵਿਦਾਸ ਜੀ = 40
26. ਭਗਤ ਰਾਮਾਨੰਦ ਜੀ = 01

Note:- ਭਟ "ਸਵੈਯੇ" ਬਾਣੀ ਦੇ ਰਚਤਾ 16 ਭੱਟ, ਜੋ ਇੱਕ ਦਿਨ ਵੇਦ ਦੇ ਰੂਪ ਧਾਰ ਕੇ 16 ਅਤੇ ਜਾਂ ਗੁਰੂ ਅਰਜਨ ਜਿਨ੍ਹਾਂ ਦੇ ਦਰਸ਼ਨ ਕਰਕੇ ਤੇਰ ਲਿਖੀ ਉਸਤਤ ਕਹੀ ਹੈ ।
ਇੱਕ ਇੱਕ ਵੇਦ ਚਤੁਰਵੇਦ ਪਾਠ ਪ੍ਰਗਟ ਨਾਮ ਤਿਨ ਕੌ ਆਇਸ ।
ਪ੍ਰਥਮ ਸਾਮ ਵੇਦ ਕੇ ਇਹ ਭੇ, ਮਥੁਰਾ, ਜਾਲਪ, ਬਲ ਹਰਿਬੰਸ ॥
ਪੁਨਿ ਰਿਗ ਵੇਦ ਕਲਸ਼, ਜਲ, ਕਲ ਤੂੰ, ਕਲ ਸਹਾਰ ਟੋਡੇ ਇਹ ਅੰਸ ॥
ਭਏ ਯਜੁਰ ਕੇ ਸਤ ਦਾਸ, ਸਲਸ ਪ੍ਰਥਮ, ਭਲਸ, ਭਲਸ ਉਪਜੇ ਦਿਜ ਬੰਸ ॥

ਬਹੁਰ ਅਖੰਡਹ ਹਾਜਰ ਕੀਨੇ, ਗੁਰ ਗੰਭੀਰ, ਸਰਬੰਗ ਸੁਭਾਗ॥
ਕਮਲਾਸਨ ਕੇ ਤ੍ਰਿਸ਼ਾ ਨਾਸ਼ ਸੁ, ਇਹ ਸੰਤੂਨ ਤੇ ਭਾ ਅਧਿਕ ਉਦਾਰ॥
(ਸਗਨ ਦੇਸ਼ ਜੈਤਾ 105)

ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਇਸ ਪ੍ਰਕਾਰ ਲਿਖਦੇ ਹਨ।
ਅਨੰਦ ਕੇ ਘਰ ਹੈਂ, ਕਿ ਅੰਮ੍ਰਿਤ ਕੇ ਸਰ ਹੈਂ, ਕਿ ਦੇਵਨ ਕੇ ਤਰੁ ਹੈਂ ਕਿ ਗਿਆਨ ਕੇ ਸਮਾਜ ਹੈਂ॥
ਕਾਮਧੇਨ ਕੇ ਕਾਜ ਹੈਂ ਕਿ ਗੰਗਾ ਜੀ ਕੀ ਧਾਰ ਹੈਂ, ਕਿ ਭਾਰਤੀ ਕੇ ਸਾਰ ਹੈਂ ਕਿ ਤਾਰਬੇ ਕੇ ਜਹਾਜ ਹੈਂ,
ਦੇਵ ਕੇ ਸਿੰਘਾਸਨ ਹੈਂ ਕਿ ਪਾਰਸ ਰੂਪ ਸੰਤ ਹੈਂ, ਕਿ, ਸੋਭਾ ਕੇ ਕ੍ਰਾਂਤ ਹੈਂ ਕਿ ਧਰਮ ਕੇ ਹੀ ਦ੍ਰਿਗ ਰਾਜ ਹੈਂ॥
ਗਿਆਨ ਕੇ ਭਾਗ ਹੈਂ ਕਿ ਜੀਵਨ ਕੇ ਭਾਗ ਹੈਂ, ਕਿ ਪ੍ਰਗ ਕੇ ਸੁਹਾਗ ਹੈਂ, ਕਿ ਗ੍ਰੰਥ ਮਹਾਰਾਜ ਹੈਂ॥

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਦੇਸ ਵਿਚ ਹੁਕਮ ਨਾਮੇ ਵਿਚ, ਭੇਜਣਾ ਅਰਦਾਸ ਸਮੇਂ ਇਹ ਬੇਨਤੀ ਕਰਨ ਦੀ ਸਿੱਖਿਆ ਦਿੱਤੀ ਕਿ "ਹੇ ਮਹਾਰਾਜ! ਦੇਹੁ ਗੁਰੂ ਰੂਪ ਧਾਰਕੇ ਦਰਸਨ ਦਿੱਤਾ ਹੈ ਗ੍ਰੰਥ ਸਾਹਿਬ ਜੀ, ਜੋ ਤੂੰ ਆਪਣਾ ਹੁਕਮ ਮੈਨੂੰ ਸਦਾ ਹੀ ਸੁਣਾਈਂ।" ਇਸ ਵਾਸਤੇ ਜੋ ਹੁਕਮ ਗ੍ਰੰਥ ਸਾਹਿਬ ਵਿਚ ਲਿਖੇ ਹਨ, ਉਹ ਹੁਕਮ ਹਰੇਕ ਗੁਰਸਿੱਖ ਨੂੰ ਚੰਗੀ ਤਰ੍ਹਾਂ ਸਮਝਣੇ ਜ਼ਰੂਰੀ ਹਨ, ਫੇਰ ਮੰਨਣੇ। ਉਹਨਾਂ ਹੁਕਮਾਂ ਨੂੰ ਸਮਝਣ ਲਈ ਗੁਰਬਾਣੀ ਦੇ ਸ਼ੁੱਧ ਉਚਾਰਣ, ਉਸਦੇ ਗਿਆਨ ਹੋਣਾ ਜ਼ਰੂਰੀ ਹੈ। ਸ਼ੁੱਧ ਉਚਾਰਣ ਤੋਂ ਬਿਨਾਂ ਬਾਣੀ ਦਾ ਸਹੀ ਅਰਥ-ਬੋਧ ਨਹੀਂ ਹੋ ਸਕਦਾ ਅਤੇ ਅਰਥ ਬੋਧ ਤੋਂ ਬਿਨਾਂ ਬਾਣੀ ਦਾ ਸ਼ੁੱਧ ਉਚਾਰਣ ਅਸੰਭਵ ਹੈ। ਇਹਨਾਂ ਦੋਹਾਂ ਦਾ ਆਪਸੀ ਸੰਬੰਧ ਕਪੜੇ ਦੇ ਤਾਣੇ ਪੇਟੇ ਵਾਂਗੂੰ ਹੈ।

ਗੁਰਬਾਣੀ ਦੇ ਸ਼ੁੱਧ ਉਚਾਰਣ ਤੋਂ ਭਾਵ ਹੈ ਪਾਠ ਕਰਨ ਸਮੇਂ ਅੱਖਰਾਂ ਅਤੇ ਲਗਾਂ, ਮਾਤਰਾਂ ਦਾ ਉਚਾਰਣ ਸਹੀ ਰੂਪ ਵਿਚ ਕੀਤਾ ਜਾਵੇ, ਸ਼ਬਦ ਅਤੇ ਤੁਕ ਨੂੰ ਵਿਸ਼ਰਾਮ ਠੀਕ ਥਾਂ ਤੇ ਦਿੱਤਾ ਜਾਵੇ ਤਾਂ ਕਿ ਅਰਥ ਦਾ ਅਨਰਥ ਨਾ ਹੋ ਜਾਵੇ। ਗਲਤ ਥਾਂ ਤੇ ਦਿੱਤਾ ਵਿਸ਼ਰਾਮ ਭਾਵਾਰਥ ਤੋਂ ਦੂਰ ਲੈ ਜਾਵੇਗਾ। ਅਤੇ ਗਲਤ ਭਾਵਾਰਥ ਜਦ ਆਚਰਣ ਵਿੱਚ ਆਵੇਗਾ ਤਾਂ ਮਨੁੱਖ ਨੂੰ ਆਤਮੀਅਤਾ ਤੋਂ ਦੂਰ ਲੈ ਜਾਵੇਗਾ। ਇਸ ਤਰ੍ਹਾਂ ਮਨੁੱਖੀ ਜ਼ਿੰਦਗੀ ਵਿੱਚ ਇਸ ਦੇ ਗੰਭੀਰ ਸਿੱਟੇ ਵੀ ਨਿਕਲ ਸਕਦੇ ਹਨ।

ਗੁਰਬਾਣੀ ਰਾਗਾਂ ਅਤੇ ਛੰਦਾਂ ਵਿਚ ਉਚਾਰੀ ਗਈ ਹੈ ਜੋ ਪਾਠ ਕਰਨ ਸਮੇਂ ਸੁਰ, ਤਾਲ, ਲੈਅ ਨੂੰ ਬਰਕਰਾਰ ਰੱਖਿਆ ਜਾਵੇ। ਜੇਕਰ ਰਸ-ਮਈ ਹੋਵੇ ਤਾਂ ਜੋ ਪਾਠੀ ਅਤੇ ਸ੍ਰੋਤੇ ਦਾ ਮਨ ਬਾਣੀ ਨਾਲ ਜੁੜ ਸਕੇ ਤਾਂ ਕਿ ਗੁਰਬਾਣੀ ਦਾ ਪੂਰਾ ਰਸ ਮਾਣਿਆ ਜਾ ਸਕੇ, ਨਾ ਹੀ ਭਾਵਾਰਥ ਸਮਝਣ ਵਿਚ ਕਠਿਨਤਾ ਹੋਵੇ।

ਹਰ ਮਨੁੱਖੀ ਮਨ ਨੂੰ ਅਕਾਲ ਪੁਰਖ ਨਾਲ ਜੋੜਨ ਦੇ ਉੱਤਮ ਸਾਧਨਾਂ ਵਿਚੋਂ ਇੱਕ ਹੈ। ਇਹਨਾਂ ਬੇਨਤੀਆਂ ਦਾ ਪਰਤ ਸਮੀਪ ਰਸਨਾ ਨਾਲ ਹੈ ਪਰ ਇਸ ਤੋਂ ਪੂਰਾ ਲਾਭ ਤਾਂ ਲਿਆ ਜਾ ਸਕਦਾ ਹੈ ਜੇਕਰ ਸਮਝਿਆ ਨਾਲ ਨਾਮ ਦਾ ਉਚਾਰਣ, ਵੀਰਾਂ ਨਾਲ ਸੁਣਨ ਦੇ ਨੇਮ ਨਾਲ ਪੜ੍ਹਤੇ ਅਤੇ ਸ੍ਰੋਤੇ ਦੇ ਮਨ ਦੀ ਇਕਾਗਰਤਾ, ਜਿਸਦੇ ਲਈ ਸ਼ੁੱਧ ਭਾਵਨਾ ਅਤੇ ਆਪਣੇ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਅਤੇ ਭਰੋਸੇ ਦਾ ਹੋਣਾ ਜ਼ਰੂਰੀ ਹੈ।

ਗੁਰਬਾਣੀ ਦਾ ਪਾਠ ਕਰਨ ਸਮੇਂ ਇਹਨਾਂ ਗੱਲਾਂ ਦਾ ਧਿਆਨ ਜ਼ਰੂਰੀ ਹੈ ਜਿਸ ਤਰ੍ਹਾਂ
ਇਕ ਸਵਈਆ ਕਵੀ ਨਿਹਾਲ ਸਿੰਘ ਜੀ ਲਿਖਦੇ ਹਨ

ਨੀਰ ਕੇ ਬੀਚ ਪੇਸ ਬਾਂਧ, ਆਸਨ ਕੇ ਸਾਧ ਧੇਯ,
ਗਤ ਕੇ ਅਨੇਕ, ਸ਼ੁਧਿ ਏਕ ਕਾਲ ਕੀਜੀਐ ॥
ਚੀਤ ਕੇ ਨਿਰੋਧ ਕੈ, ਪ੍ਰਬੋਧ ਕੈ ਪ੍ਰਕਾਸ਼ ਪ੍ਰੇਮ,
ਗਾਰੀ ਨ ਦਿਰਾਜ਼ ਨ ਪ੍ਰਸੰਗ ਨਾਲ ਦੀਜੀਐ ॥
ਖਾਂਸੀ, ਛੀਂਕ, ਜੰਭਤਾ, ਜੰਭਾਈ ਔ ਡਕਾਰ, ਛੀਂਕ,
ਹਾਂਸੀ, ਸੀਟੀ, ਸੀਸ ਧੈਰ, ਥੂਕ ਨ ਕਰੀਜੀਐ ॥
ਸਾਵਧਾਨ ਸਾਂਤਕੀ ਸੁਭਾਇ ਮੈ ਆਕਾਸ਼ ਮੈ ਸਗਲਿ ਪਸਾਰ,
ਗ੍ਰੰਥ ਜੂ ਕੇ ਪਾਠ ਪਿਆਰੇ ਸੌਸੀ ਭਾਂਤ ਕੀਜੀਐ ॥

ਇਸ ਸਵਈਏ ਅਨੁਸਾਰ ਕੀਤਾ ਪਾਠ ਫਲਤ ਅਤੇ ਸ਼ੁੱਧ ਦੇ ਸਨ ਦੀ ਕਲਿਜੁਗ ਦੇ
ਪ੍ਰਭਾਵ ਤੋਂ ਇਸ ਤਰ੍ਹਾਂ ਬਚਾਉਂਦਾ ਹੈ ਜਿਵੇਂ ਸਵਈਆ ਲਿਖਦੇ ਹਨ:-

ਜੈਸੇ ਜਬ ਭੋਰ ਤਬ ਜੈਸੇ ਹੈ ਅਨੇਰੇ ਦੂਰ,
ਭੈਨਕ ਕੇ ਸੂਰ ਕੇ ਚਰਨ ਕੀ ਪਾਸ ਕੇ ॥
ਜੈਸੇ ਜਬ ਚੰਦ੍ਰਮਾ ਆਕਾਸ਼ ਮੈਂ ਪ੍ਰਕਾਸ਼ ਤਬੈ,
ਜੈਸੇ ਹੈ ਸੀਤਲ ਕੇਤ ਪੰਥ ਸਖਾਸਾ ਧਾਲਕੇ ॥
ਜੈਸੇ ਹੈ ਚੜ੍ਹਾਈ ਜਬ ਸੂਰਬੀਰ ਸਿੰਘਨ ਕੀ,
ਤਬੈ ਭੂਮੀ ਛੀਨੇ ਜਾਤ ਦੁੱਜਨ ਕਰਾਲ ਕੇ ॥
ਜੈਸੇ ਹੀ ਜੁ ਪਾਠ ਜਬੈ ਗ੍ਰੰਥ ਸਾਹਿਬ ਜੂ ਕੇ,
ਤਬੈ ਸੁਖ ਹੋਤ ਜੈਸੇ ਸੁਖ ਕਲਿ ਕਾਲ ਕੇ ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਵਿੱਤਰ ਉਪਦੇਸ਼ (ਟੇਪ ਰਿਕਾਰਡ) ਵਿਚ
ਫੁਰਮਾਉਂਦੇ ਹਨ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਜਿਹਨਾ ਸੱਚਾ ਵੈਦ੍ਯ ਨਾਮ, ਸੂਰਜ ਦੇਵ
ਨਾਮ, ਭਸਮੇ ਕਰਾਉਂਦੇ ਨਾਲ ਜੀ ਗੁਰਬਾਣੀ ਦਾ ਸਾਰਥਕੀ ਤੇ ਸੋਢਾ, ਅਨੇਕ
ਅਰਥ ਹੈ ਜੋ ਗ੍ਰੰਥ ਸਾਹਿਬ ਵਿਚ ਲਿਖਿਆ ਹੈ ਉਸ ਨੂੰ ਸਮਝਣਾ। ਪਰ ਅੱਜ
ਅਸੀਂ ਆਪਣੇ ਗੁਰੂਆਂ ਦੀਆਂ ਸਿੱਖਿਆਵਾਂ ਨੂੰ ਅਮਲ ਵਿਚ ਲਿਆਉਣ ਦੇ ਵਲੋਂ
ਅਵੇਸਲੇ ਹਾਂ।

ਗੁਰਬਾਣੀ ਦੀ ਸ਼ੁਧਤਾ ਅਤੇ ਅਸ਼ੁੱਧਤਾ ਬਾਰੇ ਇਤਿਹਾਸਕ ਪ੍ਰਮਾਣ ਦੇਂਦਾਂ।
ਇਤਿਹਾਸ ਦਸਦਾ ਹੈ ਕਿ ਤ੍ਰੇਤੇ ਯੁਗ ਵਿਚ ਜਦ ਰਾਮ ਚੰਦਰ ਜੀ ਨੇ ਲੰਕਾ ਤੇ ਚੜ੍ਹਾਈ
ਕੀਤੀ ਜਦ ਰਾਮ ਚੰਦਰ ਜੀ ਦਾ ਰਾਵਣ ਦੀ ਸੈਨਾ ਨਾਲ ਯੁੱਧ ਹੋ ਰਿਹਾ ਸੀ ਤਾਂ ਸ੍ਰੀ
ਰਾਮ ਚੰਦਰ ਜੀ ਨੇ ਹਨੂੰਮਾਨ ਨੂੰ ਕਿਹਾ ਕਿ ਰਾਵਣ ਦਾ ਪੁੱਤਰ ਮੇਘ ਨਾਦ ਯੱਗ
ਕਰ ਰਿਹਾ ਹੈ ਜੇ ਉਸ ਦਾ ਯੱਗ ਸੰਪੂਰਨ ਹੋ ਗਿਆ ਤਾਂ ਜੰਗ ਵਿਚ ਉਸ ਦੀ
ਜਿੱਤ ਹੋਵੇਗੀ ਅਤੇ ਸਾਡੀ ਹਾਰ। ਤਾਂ ਹਨੂੰਮਾਨ, ਮੇਘ ਨਾਦ ਦਾ ਜੱਗ ਖੰਡ, ਭੰਗ

ਕਰਨ ਲਈ ਉਥੇ ਪਹੁੰਚਿਆ ਜਿਥੇ ਸੋਧ ਜੋਰ ਮੰਤ੍ਰ ਪੜ੍ਹ ਕੇ ਯੱਗ ਕਰ ਰਿਹਾ ਸੀ ਤਾਂ ਹਨੂੰਮਾਨ ਇਕ ਮੱਖੀ ਦਾ ਰੂਪ ਧਾਰ ਕੇ ਮੰਤ੍ਰ ਦੇ ਇੱਕ ਅੱਖਰ ਤੇ ਬੈਠ ਗਿਆ ਜਿਸ ਕਾਰਣ ਇਕ ਅੱਖਰ ਦਾ ਉਚਾਰਣ ਨਾ ਹੋ ਸਕਿਆ ਅਤੇ ਯੱਗ ਸੰਪੂਰਣ ਨਾ ਹੋਇਆ।

ਗੁਰਬਾਣੀ ਸ਼ੁੱਧ ਉਚਾਰਣ ਦੀ ਮਹੱਤਤਾ, ਛੇਵੇਂ ਪਾਤਸ਼ਾਹ, ਮੀਰੀ, ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਇਕ ਸਾਖੀ "ਭਾਈ ਗੋਪਾਲਾ" ਜੀ ਪਾਸੋਂ "ਜਪੁ ਸਾਹਿਬ" ਦੇ ਸ਼ੁੱਧ ਪਾਠ ਸਰਵਣ ਕਰਨ ਬਦਲੇ ਦੇਣ ਸੁਣ ਘੋੜੇ ਦੀ ਬਖਸ਼ਿਸ਼ ਕਰਨੀ ਸਪਸ਼ਟ ਦਰਸਾਉਂਦੀ ਹੈ, ਜੋ ਕਿ ਭਾਈ ਸੰਤੋਖ ਸਿੰਘ ਜੀ "ਸੂਰਜ ਪ੍ਰਕਾਸ਼" ਵਿਚ ਇਸ ਤਰ੍ਹਾਂ ਲਿਖਦੇ ਹਨ:-

ਇਕ ਦਿਨ ਬੈਠਿ ਦਿਵਾਨ ਮਝਾਰਾ ॥ ਸੁਭਟ ਸਿੱਖ ਤਹਿਂ ਸੁਭਤਿ ਹਜਾਰਾ ॥
ਸਤਿਗੁਰ ਸੁਨਾਇ ਸੁਭੇਦ ਬਖਾਨੀ ॥ ਕੋ ਸਿਖ ਸੁੱਧ ਪਠਹਿ ਗੁਰ ਬਾਨੀ ॥
ਜਥਾ ਜੋਗ ਮਾਤ੍ਰਾ ਸਭ ਬਰਨ ॥ ਪਠਹਿ ਸੰਭਾਰਿ ਸੁਨਾਵਹਿ ਕਰਨ ॥
ਸੋ ਅਤਿ ਅਧਿਕ ਸਰਗੁਨ ਬਿਗਹਿ ਹਮਾਰੇ ॥ ਜਪੁ ਜੀ ਪਾਠ ਕਰਹਿ ਨਿਰਧਾਰੇ ॥
ਸੁੱਧ ਸੁਨਾਇ ਰਿਝਾਵਹਿ ਮੋਹੀ ॥ ਜਸ ਬਾਂਛਤ ਫਲ ਪ੍ਰਾਪਤ ਹੋਹੀ ॥
ਇਕ ਸਿੱਖ ਗੁਰਮੁਖ ਨਾਮ ਗੋਪਾਲਾ ॥ ਹਾਥ ਜੋਰਿ ਕਹਿ, ਸੁਨਹੁ ਕ੍ਰਿਪਾਲਾ ॥
ਹੌਂ ਸੁਨਾਵਹਿ ਸੌਂ ਥਿਰ ਹੋਇ ॥ ਸੁਧ ਪਾਠ ਜਿਸ ਜਪੁ ਕੇ ਹੋਇ ॥
ਸੁਨਤਿ ਗਰੀਬ ਨਿਵਾਜ਼ ਬਖਾਨਾ ॥ ਆਛੀ ਬਾਤ ਸਿਖ ਇਸ ਠਾਨਾ ॥
ਨਿਕਟ ਸਨਮੁਖ ਆਸਨ ਡਸਿਵਾਯਾ ॥ ਕਰਿ ਆਇਸੁ ਤਿਸ ਪਾਸ ਬੈਠਾਯਾ ॥
ਬੈਠਯੋ ਸਨਮੁਖ ਜਗਾਯੋ ਉਚਾਰਨਿ ॥ ਸਿਮਰਯੋ ਸ੍ਰੀ ਨਾਨਕ ਸੁਖ ਕਾਰਨਿ ॥
ਪ੍ਰਥਮ ਕਹਿ ਇਕ ਓਅੰਕਾਰਾ ॥ ਸਤਿਨਾਮੁ ਕੇ ਪਾਠ ਉਚਾਰਾ ॥
ਸ੍ਰੀ ਗੁਰੂ ਹਰਿ ਗੋਬਿੰਦ ਕਰ ਜੋਰਿ ॥ ਨਮਸਕਾਰ ਕੀਨੀ ਸਿਖ ਓਰ ॥
ਸੁਨੈਂ ਸਭੈ ਸਭ ਬੀਰ ਸੰਭਾਰ ॥ ਮਾਤ੍ਰਾ ਪਰਤ ਭਲੇ ਨਿਰਧਾਰ ॥
ਸੁਨਿ ਸਤਿਗੁਰ ਤਬ ਰਿਦੈ ਬਿਚਾਰੀ ॥ ਜਪੁ ਕੇ ਸਮ ਕਿਆ ਵਸਤੁ ਉਦਾਰੀ ॥
ਜੋ ਇਸ ਕੇ ਅਬ ਦੈਬੋ ਕਰੌਂ ॥ ਕੋਇ ਨ ਸਮਤਾ ਕਰੌਂ ਹੁ ਧਰੌਂ ॥
ਜੋ ਸਗਰੇ ਜਗ ਕੀ ਠੁਕਰਾਈ ॥ ਇਹ ਦੈ ਤੌਂ ਨਿਸਚੈ ਠਹਿਰਾਈ ॥
ਨਾਨਕ ਚਰਨੀ ਨਵਹਿ ਨਿਗਾਸ ॥ ਇਹ ਤੁਕ ਪਠੀ ਪ੍ਰੀਤ ਕੇ ਨਾਸ ॥
ਤਬ ਸਤਿਗੁਰ ਮਨ ਜਾਨ ਉਪਾਯੋ ॥ ਜਾਨੂੰ ਉਠਬੇ ਹੇਤ ਉਠਾਯੋ ॥
ਤਿਸ ਦੇਨ ਕੇ ਲਾਯੋ ਰਿਦੈ ॥ ਸਿਖ ਕੇ ਕਰਯੋ ਮਨੋਰਥ ਤਦੈ ॥
ਨਹੀਂ ਪੈਸਸੇ ਹਮ ਪਰ ਮੋਲ ॥ ਸੋ ਮੈਂ ਲੇਉਂ ਗੁਰੂ ਤੇ ਅਬੋਲ ॥
ਸਭ ਉਰ ਕੀ ਗੁਰ ਅੰਤਰਜਾਮੀ ॥ ਚਹਿ ਰਹੇ ਬੀਰ ਤੌਂ ਨਾਮੀ ॥
ਸ੍ਰੀ ਨਾਨਕ ਗਾਦੀ ਵਡਿਆਈ ॥ ਸਗਰੇ ਜਗ ਕੀ ਧਰ ਗੁਰਿਆਈ ॥

ਸੋ ਗਾ ਚੈਨ ਉਤਮ ਇਸ ਸਮੇ ॥ ਜਿਸ ਕੇ ਸਾਧੂ ਤ੍ਰਿਲੋਕ ਨਮੇਂ ॥
ਕਰਤ ਸੰਤੋਖ ਜੋ ਆਪਿ ਜੈਸੇ ॥ ਸੋ ਛੀਜਤ, ਨਹਿ ਬਿਸਮਤ ਤੈਸੇ ॥
ਨਹਿ ਕਰ, ਸੋ ਯੋਗ ਸੋਗਾਵਾਯੋ ॥ ਸੰਤਨ ਜਿਸ ਪਰ ਸੀਸ ਝੁਕਾਯੋ ॥
ਸਦਾ ਲਾਖ ਕੀ ਕੀਮਤ ਜਾਂਨੀ ॥ ਤਹਿ ਪ੍ਰਸੰਨ ਬਖਸ਼ਤ ਕੇ ਤਾਂਨੀ ॥
ਬਸਤ੍ਰ ਬਿਭੂਖਨ ਧਨ ਭੂਰ ਆਦਿਕ ॥ ਦੇਤ ਭਏ ਸੋਢੀ ਸਿਰ ਮਣਿਕ ॥
ਸਾਧੂ ਬਚਨ ਸੰਤਾਨੇ ਸਾਰੇ ॥ ਸ੍ਰੀ ਗੁਰ ਬਾਨੀ ਸਿੱਖ ਉਚਾਰੇ ॥
ਸਗ ਸਗਤਸ ਕਰਿ ਦਿਖਰਾਯੋ ॥ ਨਹਿ ਤ੍ਰਿਲੋਕ ਸਹਿ ਸਮ ਕੁਛ ਪਾਯੋ ॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸਟਮ ਰਾਸ "ਤੁਰੰਗਨ" ਪ੍ਰਸੰਗ
ਬਰਨਨੰ ਨਾਮ ਖਸਟ ਚੌਤਵ ਸਿੰਸਤੀ ਅੰਸੂ ॥ ੪੬ ॥

ਸੋ ਇਹ ਤਾਂ ਰੂਪ ਗੁਰਸਿੱਖੀ ਪਰਖਣ ਦੀ ਸ਼ਾਂਤਤਾ ॥
ਇਸ ਦੇ ਉਲਟ ਸ੍ਰੀ ਗੋਬਿੰਦ ਸਿੰਘ ਜੀ ਦੇ ਸਮੇਂ ਇਕ ਸਿੱਖ ਬੋਲੇਂ "ਕਰਤੇ ਕੀਰਤਿ ਕਰਤ ਜਾਉਂ ਮੈ ਜਾਉਂ ਗੁਰ ਸੂਰਾ", ਦੇ ਸਥਾਨ ਤੇ "ਕਰਤੇ ਕੀਰਤਿ ਕਰਤਾਰਉਂ ਦੇ ਜਾਉਂ ਗੁਰ ਸੂਰਾ" ॥ ਅਸ਼ੁੱਧ ਤੁਕ ਪੜ੍ਹਣ ਤੇ ਸ੍ਰੀ ਕਲਗੀਧਰ ਪਾਤਸ਼ਾਹ ਨੇ ਸਾਰ ਕਦਾਚਿ ਤੇ ਕਰ ਲੀ ਤਾੜਨਾ ਕੀਤੀ। ਜਿਸਦਾ ਵਿਸ਼ੇਸ਼ ਭਾਈ ਸੰਤੋਖ ਸਿੰਘ ਜੀ ਆਪਣੇ ਰਚਿਤ ਗ੍ਰੰਥ "ਸੂਰਜ ਪ੍ਰਕਾਸ਼" ਵਿਚ ਇਸ ਤਰ੍ਹਾਂ ਕਰਦੇ ਹਨ:—

ਏਕ ਦਿਵਸ ਗੁਰ ਗੁਰਪੁਰਿ ਬੈਸੇ ॥ ਸਹਿਜ ਸੁਭਾਇ ਸਤਿਗੁਰੂ ਐਸੇ ॥
ਪਾਠ ਕਰਹਿ ਸਿੱਖ ਉਚਾਰਾ ॥ ਬਿਧੂੰ ਸਬਦ ਅਜਾਇ ਉਚਾਰਾ ॥
ਸੁਨਿ ਸੁਜਾਨ ਗੁਰ, ਧਾਰ ਅਸ਼ਾਇ ॥ ਇਸ ਦੇ ਤਰਤ ਬਸਟਕਾ ਲਾਇ ॥
ਤ੍ਰਿਸ਼ੁ ਗਹਿ ਕਰਿ ਤਾੜਨਾ ਸੁਨਾਵਹੁ ॥ ਹਮ ਤੇ ਦੂਰ ਜਾਇ ਬੈਠਾਵਹੁ ॥
ਤਬ ਸਿੱਖ ਦਸਟਕਾ ਪਤਿ ਕਰਿ ॥ ਤਰਜਤ ਦੂਰ ਬਿਠਾਯੋ ਤ੍ਰਿਸ਼ੁ ਧਰਿ ॥
ਜੰਗਤ ਇਸ ਬਿਧਿ ਵਿਸਮਾਈ ॥ ਕਹਾਂ ਕਰੀ ਗੁਰ, ਲਖੀ ਨ ਜਾਈ ॥
ਮਿਲਿ ਸਿੱਖਨਿ ਅਰਦਾਸ ਬਖਾਨੀ ॥ ਸਾਚੇ ਪਾਤਿਸ਼ਾਹੁ ਗੁਨ ਖਾਨੀ ॥
ਇਹ ਸਿਖ, ਗਵਾਰ, ਕਿਤ ਸਰਧਾਯੋ ॥ ਬਾਨੀ ਪਠਨਿ ਬਿਖੈ ਮਨ ਲਾਯੋ ॥
ਕਹਯੋ ਸਾਧ ਜਗ ਗੁਰ, ਗੁਨ ਖਾਨੀ ॥ ਇਕ ਤੁਕ ਭੀ ਜੁ ਪੜਹਿ ਗੁਰਬਾਨੀ ॥
ਜਥਾ ਤੇ ਤਿਸ ਕੇ ਹੋਇ ਉਧਾਰ ॥ ਇਹ ਸਿਖ ਪੜਯੋ ਉਲਿਟਾਰ ॥
ਤਿਸ ਪਰ ਸਾਰ ਸੁਨੀਅਨ ਆਈ ॥ ਤੌ ਉਧਾਰ ਹੋਇ ਕਿਸ ਭਾਈ ॥
ਸ੍ਰੀ ਮੁਖ ਤੇ ਮੁਸਕਾਇ ਬਖਾਨੀ ॥ ਸਬਦ ਬੋਲ ਇਕ ਪਠੀ ਨ ਬਾਨੀ ॥
ਸਾਰੇ ਸਾਧੋ ਤਜੁਰ ਨਕੋਰ ॥ ਸੁਨਤ ਸਬਦ ਤੁਸ, ਜਥਾ ਉਚਾਰੇ ॥
ਸੁਨਿ ਕਰ ਸਮਝਾਇ, ਬੈਠਾ ਇਹ ਤੀਰ ॥ ਸਿੱਖਾ! ਪੜੀਆਂ ਕਹਯੋ ਗਹੀਰ ॥
ਤਬ ਸਿੱਖ ਨੇ ਤਰ ਤ੍ਰਿਹੁੰ ਉਚਾਰੀ ॥ ਬਿਧੂੰ ਸਬਦ ਸੁ ਨਾਮ ਸੁਧਾਰੀ ॥
ਸੁਨਿ ਸ੍ਰੀ ਮੁਖ ਤੇ ਤਾਹਿ ਬਖਾਨੀ ॥ ਇਸ ਤੁਕ ਪੜ੍ਹਣ ਸਬਦ ਇਹੁ ਜਾਨੀ ॥

"ਕਹਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰ ਸੂਰਾ" ॥

ਅਰਥ:- ਕਹਤੇ ਕੀ ਦੀਰਘ ਵਡਿਆਈ ॥ ਕਰਤਾ ਹੀ ਜਾਣੈ ਤਿਸ ਤਾਂਈ ॥
ਕੈ ਗੁਰ ਸੂਰ ਹੋਇ ਸੁਚੇਤ ॥ ਤੌ ਸੋ ਜਾਣਤ ਹੈ ਸਭ ਭੇਤ ॥
ਅਪਰ ਜੀਵ ਸੰਸਾਰੀ ਜੇਤੇ ॥ ਸੁਨਿ ਸੁਨਿ ਜਾਣਤ ਹੈਂ ਸ਼ਰੁਤੇਤੇ ॥
'ਜੇ ਸਤਿਗੁਰ ਨਹਿ ਸਮਝਿ ਦ੍ਰਿੜਾਈ ॥ ਤੇ ਅਵੇਰ ਪਰਤ ਸਮੁਦਾਈ ॥
ਇਸ ਸਿੱਖ ਲਗ ਰਹਣ ਕੀ ਟੇਕ ॥ ਪਠਿਨ ਕਰੀ ਧਿਰ ਸੁਮਤਿ ਬਿਬੇਕ ॥
ਵਿਧੂੰ ਅਰਥ ਪਠਿਓ ਪਹਿਚਾਨੈ ॥ ਕਹਤੇ ਕੀ ਮਿਤਿ ਕਰਤਾ ਜਾਨੈ ॥
ਗੁਰ ਸੂਰਾ ਕਿਆ ਜਾਨੈ ਸੋਇ ॥ ਇਸ ਅਨਰਥ ਪਾਇ ਕੀਨੇ ਸੋਇ ॥
ਤੌ ਗੁਰ ਸਰਨ ਸਿੱਖ ਕਿਉ ਜਾਇ ॥ ਕਹਤੇ ਕੀ ਮਿਤਿ ਲਖ ਨ ਸਕਾਇ ॥
ਸਿਖਨ ਸੁਨੇ ਸੀਖ ਇਨ ਕੇਰੀ ॥ ਧਾਰੀ ਪਰਵਨ ਸ੍ਰੂਪ ਗੁਰ ਕੇਰੀ ॥
ਪਹੁੰਚੈ ਸਹਤਸ ਕਹਾਂ ਬਿਸਾਲ ॥ ਹਸਤਿ ਪਸਤਿ ਸਾਂਗ ਹੋਇ ਨਿਰਾਸ ॥
ਜੋ ਬਚਨਿ ਸੁਨਿ, ਪਰਹਿਐ ਸ਼ੁਧ ਕਰਿ ॥ ਬਿਗਰੀ ਫਸਤ ਸੁਧਾਰਨ ਜਿਸ ਘਰ ॥
ਤਿਸ ਗੁਰ ਸੁਧਾਰਹਿ ਜੋ ਨਹਿ ॥ ਹੋਇ ਭਾਵਨਾ ਸੋ ਦਰ ਸਹਿ ਸਹਿ ॥
(ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਤ੍ਰਿਤੀਏ ਰੁਤੇ" ਪ੍ਰਸੰਗ ਵਰਨਨ ਨਾਮ ਚਤੁਰ ਤ੍ਰਿੰਸਤੀ ਅੰਸੂ ॥ ੩੪ ॥

ਇਹ ਉਪਰੋਕਤ ਸਾਖੀ "ਸੌ ਸਾਖੀ" ਵਿਚ ਬਾਰ੍ਹਵੀਂ ਸਾਖੀ ਹੈ ॥

ਇਸ ਇਤਿਹਾਸਕ ਪ੍ਰਮਾਣਾਂ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਸਾਹਿਬਾਨ ਨੇ ਸ਼ੁੱਧ ਬਾਣੀ ਉਚਾਰਣ ਨੂੰ ਕਿੰਨੀ ਵਡਿਆਈ ਦਿੱਤੀ ਹੈ ਅਤੇ ਅਸ਼ੁੱਧ ਬਾਣੀ ਪੜ੍ਹਣੀ ਗੁਰੂ ਜੀ ਨੂੰ ਬਿਲਕੁਲ ਨਹੀਂ ਭਾਉਂਦੀ ਅਤੇ ਨਾ ਹੀ ਕੋਈ ਪਾਠਕ ਸਿੱਧ ਹੁੰਦਾ ਹੈ ਇਕ ਲਾਂ ਘੱਟ ਉਚਾਰਣ ਨਾਲ ਕਿਸ ਤਰ੍ਹਾਂ ਅਰਥ ਦਾ ਅਨਰਥ ਹੋ ਗਿਆ। ਗੁਰੂ ਜੀ ਨੇ ਉਪਰੋਕਤ ਬਚਨਾਂ ਵਿਚ ਸਪਸ਼ਟ ਕੀਤਾ ਹੈ ਕਿ ਜੇ "ਕਹਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰ ਸੂਰਾ" ਪੜ੍ਹਿਆ ਜਾਵੇ ਤਾਂ ਇਸ ਦਾ ਅਰਥ ਹੋਵੇਗਾ ਕਹਤੇ ਦੀ ਮਿਤਿ ਨੂੰ ਕਰਤਾ ਜਾਣਦਾ ਹੈ ਜਾਂ ਗੁਰੂ ਸੂਰਮਾ ਜਾਣਦਾ ਹੈ ਪਰ ਜੇ ਪਾਠ "ਕਹਤੇ ਕੀ ਮਿਤਿ ਕਰਤਾ ਜਾਣੈ ਕੇ ਜਾਣੈ ਗੁਰ ਸੂਰਾ" ਕੀਤਾ ਜਾਵੇ ਤਾਂ ਅਰਥ ਹੋਵੇਗਾ ਕਹਤੇ ਦੀ ਮਿਤਿ ਕਰਤਾ ਹੀ ਜਾਣਦਾ ਹੈ, ਗੁਰੂ ਸੂਰਮਾ ਕੀ ਜਾਣਦਾ ਹੈ। ਸੋ ਅਰਥਾਂ ਦਾ ਕਿੰਨਾ ਅਨਰਥ ਹੋਇਆ ਇਕ ਲਾਂ ਘਟ ਵਧਣ ਨਾਲ। ਸੋ ਸ਼ੁੱਧ ਪਾਠ-ਉਚਾਰਣ ਹੀ ਗੁਰੂ ਜੀ ਨੂੰ ਭਾਉਂਦਾ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਦੇਸੋਂ ਜਿਥੇ ਅਖੰਡ ਪਾਠ, ਸਾਧਾਰਣ ਪਾਠ ਅਤੇ ਹਵਨੀ ਸਮਾਗਿ ਦੀ ਮਰਯਾਦਾ ਵਿਚ ਦੇ ਤੇਜ਼ੀ ਨਾਲ ਹੀ ਇਹ ਤਾਕੀਦ ਕੀਤੀ ਕਿ ਪਾਠੀ, ਗੁਰਬਾਣੀ ਅੱਖਰ, ਲਗ, ਮਾਤ੍ਰ ਸੋਧ ਕੇ ਪੜ੍ਹੇ।

ਸ੍ਰੀ ਗੁਰੂ ਰਾਮ ਸਿੰਘ ਜੀ ਦੇ ਸਮੇਂ ਅੰਗਰੇਜ਼ ਸਰਕਾਰ ਵਲੋਂ ਨਾਮਧਾਰੀਆਂ ਤੇ

ਦਰਸਾਈ ਗਈ ਪਾਬੰਦੀ ਕਾਰਨ ਇਸ ਪਾਸੇ ਆਮ ਪਿਆਰ ਦਾ ਵਿੱਤਾ ਜਾ ਸਕਿਆ, ਭਾਵੇਂ ਗੁਰਬਾਣੀ ਦੀ ਸ਼ੁੱਧਾਈ ਲਈ ਗੁਰੂ ਹਰੀ ਸਿੰਘ ਜੀ ਹੁਕਮ ਕਰਦੇ ਰਹੇ।

ਉਸੇ ਸਿਲਸਿਲੇ ਨੂੰ ਕਾਇਮ ਰੱਖਦੇ ਹੋਏ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਮੇਂ ਵਿੱਚ, ਪਾਠ ਦੀ ਸ਼ੁੱਧਤਾ ਲਈ, ਆਪਣੀ ਹਜ਼ੂਰੀ ਵਿੱਚ ਸ਼ੁੱਧ ਪਾਠ ਕਰਨ ਦੀ ਜੁਗਤੀ ਦਸਣ ਦੀ ਕਿਰਪਾ ਕੀਤੀ। ਗੁਰਬਾਣੀ ਦੇ ਪਾਠ ਦੀ ਸ਼ੁੱਧਤਾ ਲਈ ਉਹਨਾਂ ਕਈ ਵਾਰੀ "ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ" ਅਤੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ" ਦੇ ਪਾਠ ਮੁਕਾਬਲੇ ਕਰਵਾਏ ਅਤੇ ਸ਼ੁੱਧ ਪਾਠ ਕਰਨ ਵਾਲੇ ਪਾਠੀਆਂ ਨੂੰ ਸਨਮਾਨਿਤ ਕਰਦੇ ਰਹੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਪਵਿੱਤਰ ਉਪਦੇਸ਼ ਵਿੱਚ ਫੁਰਮਾਉਂਦੇ ਹਨ "ਗੁਰਬਾਣੀ ਸ਼ੁੱਧ ਠੀਕ ਕੀਤੀ ਜਾਵੇ ਅਤੇ ਤੋਲ, ਤੋਲ ਕਰ ਪੋਥੀ ਤੋਂ ਪੜ੍ਹੀ ਜਾਵੇ ਤਾਂ ਕਿ ਲਗ, ਮਾਤਰ ਸਹਿਤ ਜਾਵੇ।"

ਉਸੇ ਰਬ-ਰੀਤ ਨੂੰ ਅੱਗੇ ਤੋਰਨ ਦੀ ਕ੍ਰਿਪਾ ਕੀਤੀ (ਗਮੀਰ ਵਿਚਾਰ) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ। ਇਸ ਤੋਂ ਪਹਿਲਾਂ ਭਾਵੇਂ ਗੁਰਬਾਣੀ ਸ਼ੁੱਧ ਉਚਾਰਨ ਵੱਲ ਕਾਫੀ ਧਿਆਨ ਦਿੱਤਾ ਗਿਆ ਪਰ ਜਦੋਂ ਹਜ਼ੂਰ ਸ੍ਰੀ ਸਤਿਗੁਰੂ ਜੀ ਨੇ ਗੁਰਬਾਣੀ ਦੀ ਸ਼ੁੱਧਤਾ ਦੇ ਸਿਲਸਿਲੇ ਵਿੱਚ ਖਾਸ ਵਾਧਾ ਕੀਤਾ, ਏਥੋਂ ਤੱਕ ਸਾਧੂ-ਸੰਗਤ ਅਤੇ ਕੀਰਤਨ-ਸੰਗਤ ਦਾ ਛੋਟੀ ਉਮਰ ਦੇ ਬੱਚੇ ਤੋਂ ਵਡੇਰੀ ਉਮਰ ਦੇ ਸਰੀਰ ਨੂੰ ਸਿਖਲਾਈ ਕਰਵਾਇਆ ਜੋ ਕਿ ਇਹਨਾਂ ਦੇ ਸੰਪਰਕ ਵਿੱਚ ਆਇਆ ਭਾਵੇਂ ਕੋਈ ਪੋਥੀ ਤੋਂ ਬਾਣੀ ਪੜ੍ਹੇ, ਭਾਵੇਂ ਕੰਠੋਂ ਬਾਣੀ ~~ਬਾਣੀ~~ ਭਾਵੇਂ ਕੋਈ ਕੀਰਤਨ ਕਰੇ ਮੈਂ ਬੇਨਤੀ ਕਰਾਂ ਗੁਰਬਾਣੀ ਦਾ ਸ਼ੁੱਧ ਪਾਠ ਕਰਨਾ ~~ਸੌਖਾ~~ ਤਾਂ ਵੀ ~~ਬਾਣੀ~~ ਕੀਰਤਨ ਸਮੇਂ ਗੁਰਬਾਣੀ ਦਾ ਸ਼ੁੱਧ ਗਾਉਣਾ ਕਾਫੀ ਕਠਿਨ ਹੈ ਕਿਉਂਕਿ ਗਾਉਣ ਸਮੇਂ ਆਮ ਤੌਰ ਤੇ ਮਾਤਰਾਂ ਵਿੱਚ ਕਮੀਆਂ ਰਹਿ ਜਾਂਦੀਆਂ ਤੇ ਗਾਉਣ ਵਾਲੇ ਨੂੰ ਮਜਬੂਰੀ ਹੁੰਦੀ ਹੈ ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਮਜਬੂਰੀ ਨੂੰ ਦੂਰ ਕਰ ਦਿਖਾਇਆ। ਹੁਣ ਕੋਈ ਅਸ਼ੁੱਧ ਨਹੀਂ ਹੁੰਦਾ ਕੋਈ, ਕਲਾਕਾਰ ਜਾਂ ਰਾਗੀ ਸਤਰ ਤੇ ਕਿਰਪਾ ਕੀਤੀ ਹੈ। ਇਸ ਖੇਤਰ ਵਿੱਚ ਉਤਸ਼ਾਹਿਤ ਕਰਨ ਲਈ ਗੁਰਬਾਣੀ ਪਾਠ ਮੁਕਾਬਲੇ ਕਰਵਾਏ ਅਤੇ ਸ਼ੁੱਧ ਪਾਠ ਕਰਨ ਵਾਲਿਆਂ ਸਨਮਾਨਿਤ ਵੀ ਕੀਤਾ।

ਗੁਰਬਾਣੀ ਦੇ ਅਸ਼ੁੱਧ ਪਾਠ ਕਰਨ ਦੇ ਕੁਝ ਕਾਰਨ ਹਨ :-

1. ਕਿਸੇ ਸ਼ੁੱਧ ਪਾਠ ਕਰਨ ਵਾਲੇ ਸਰੀਰ ਦੀ ਸੰਗਤ ਨਾ ਹੋਣੀ।
2. ਗੁਰਬਾਣੀ ਦਾ ਪਾਠ ਕਰਨ ਲਗਿਆਂ ਜਲਦ-ਬਾਜ਼ੀ ਦਾ ਹੋਣਾ। ਭਾਵ ਕੁਝ ਲੱਗੀਆਂ ਲਗ ਮਾਤਰਾਂ ਵਾਧੂ ਜਾਣ ਦਾ ਪ੍ਰਵਿਰਤੀਆਂ।

3. ਗਲਤ ਪਾਠ ਸੁਧ, ਸੁਧ ਦੇ ਗਲਤ ਪਾਠ ਨੂੰ ਦਰਸਾਇਆ।
4. ਗੁਰਬਾਣੀ ਦੇ ਅਰਥ-ਬੋਧ ਤੋਂ ਜਾਣੂੰ ਨਾ ਹੋਣਾ।
5. ਗੁਰਬਾਣੀ ਦੇ ਵਿਆਕਰਣ-ਨਿਯਮਾਂ ਤੋਂ ਜਾਣੂੰ ਨਾ ਹੋਣਾ, ਅਸ਼ੁੱਧਤਾ ਦਾ ਵੱਡਾ ਕਾਰਣ ਹੈ।
6. ਗੁਰਬਾਣੀ ਨੂੰ ਛੰਦ ਦੀ ਵਿਚਾਰਤ ਸ਼ੈਲੀ ਅਨੁਸਾਰ ਨਾ ਪੜ੍ਹਨਾ, ਕਿਉਂਕਿ ਗੁਰਬਾਣੀ ਛੰਦਾਂ ਦੇ ਰੂਪ ਵਿਚ ਲਿਖੀ ਗਈ ਹੈ।
7. ਗੁਰਬਾਣੀ ਵਿਚ ਵਰਤੀ ਗਈ ਛੰਦਾਂ ਬੰਦੀ ਤੋਂ ਅਗਿਆਨੀ ਹੋਣਾ।
8. ਗੁਰਬਾਣੀ ਜਿਨ੍ਹਾਂ ਭਾਸ਼ਾਵਾਂ ਵਿਚ ਲਿਖੀ ਹੈ ਉਨ੍ਹਾਂ ਭਾਸ਼ਾਵਾਂ ਦਾ ਗਿਆਨ ਨਾ ਹੋਣਾ ਕਿਉਂਕਿ ਗੁਰਬਾਣੀ ਕਈ ਭਾਸ਼ਾਵਾਂ ਵਿੱਚ ਲਿਖੀ ਹੈ।
9. ਖਾਸ ਕਰਕੇ ਅਖੰਡ ਪਾਠ ਕਰਨ ਸਮੇਂ ਪਾਠੀ ਸਿੰਘਾਂ ਦਾ ਪਾਠ ਨੂੰ ਨਿਰਧਾਰਤ ਸਮੇਂ ਵਿਚ ਕਰਨ ਦਾ ਟੀਚਾ ਹੁੰਦਾ ਹੈ ਪਰ ਪਾਠੀ ਸਿੰਘਾਂ ਦੀ ਯੋਗਤਾ ਵਿਚ ਬੜੇ ਘੱਟ ਸ੍ਰੇਣੀ ਹੈ ਜੋ ਇਸ ਨੂੰ ਸਹੀ ਰੂਪ ਵਿਚ ਨਿਭਾ ਨਹੀਂ ਸਕਦੇ।

ਸੋ ਇਸ ਪਾਸੇ ਨੂੰ ਧਿਆਨ ਕਰਨ ਲਈ ਕਾਫੀ ਮਿਹਨਤ ਅਤੇ ਲਗਨ ਦੀ ਲੋੜ ਹੈ।

ਗੁਰਬਾਣੀ ਦਾ ਪਾਠ ਕਰਨ ਤੋਂ ਬਾਦ ਭੋਗ ਸਮੇਂ ਅਸੀਂ ਹਰ ਰੋਜ਼ ਅਰਦਾਸ ਸਮੇਂ ਇਹ ਸੀਸ ਜੋੜਦੇ ਹਾਂ " ਹੇ ਗੁਰੂ ਮਹਾਰਾਜ! ਆਪ ਜੀ ਦੀ ਪਵਿੱਤਰ ਬਾਣੀ ਦਾ ਪਾਠ ਕੀਤਾ ਹੈ, ਅੱਖਰ, ਲਗ, ਮਾਤਰ ਵਾਧ-ਘਾਟ ਭੁਲਣ ਚੁਕਣ ਭੁੱਲਾਂ ਤੋਂ ਭੁੱਲ ਤੇ ਲਾਪਰਵਾਹ ਗੁਰਬਾਣੀ ਪੜ੍ਹਨਾ ਭੁੱਲ-ਚੁੱਕ ਬਖਸ਼ੋ ਪਰ ਅਸੀਂ ਤੌਰ ਤੇ ਹਾਂ ਇਹ ਸੀਸ ਜੋੜਦੇ ਕਿਉਂਕਿ ਅਸੀਂ ਤੇ ਆਪੀ ਸ਼ੁੱਧਤਾ ਵੱਲ ਕੋਈ ਖਾਸ ਧਿਆਨ ਨਹੀਂ ਦੇਂਦੇ।

ਗੁਰੂ ਸਾਹਿਬਾਨ ਨੇ ਗੁਰਬਾਣੀ ਕਈ ਬੋਲੀਆਂ ਵਿਚ ਉਚਾਰੀ ਜਿਵੇਂ ਅਰਬੀ, ਪੰਜਾਬੀ, ਹਿੰਦੀ, ਬ੍ਰਿਜ-ਭਾਸ਼ਾ, ਗੁਜਰਾਤੀ, ਮਰਾਠੀ, ਮੁਲਤਾਨੀ (ਲਹਿੰਦੀ) ਆਦਿ ਪਰ ਇਸ ਦੀ ਲਿਪੀ ਗੁਰਮੁਖੀ ਹੀ ਹੈ ਜਿਸ ਦੇ ਕੁਲ ਅੱਖਰ ਪੈਂਤੀ ਹੀ ਹਨ। ਭਾਵੇਂ ਅੱਜ ਇਹਨਾਂ ਪੰਜ ਅੱਖਰਾਂ (ਸ ਖ ਗ ਜ ਅਤੇ ਫ) ਦੇ ਪੈਰ ਬਿੰਦੀ ਲਾ ਕੇ ਪੰਜ ਅੱਖਰ (ਸ਼, ਖ਼, ਗ਼, ਜ਼ ਅਤੇ ਫ਼) ਦੀ ਵਰਤੋਂ ਕੀਤੀ ਜਾਂਦੀ ਹੈ ਪੈਰ ਬਿੰਦੀ ਲਾਉਣ ਨਾਲ ਇਹਨਾਂ ਅੱਖਰਾਂ ਦੀ ਆਵਾਜ਼ ਵਿਚ ਅੰਤਰ ਆ ਜਾਂਦਾ ਹੈ, ਇਹਨਾਂ ਪੰਜ ਪੈਰੀਂ ਬਿੰਦੀ ਵਾਲੇ ਅੱਖਰਾਂ ਦੀ ਵਰਤੋਂ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਨਹੀਂ ਕੀਤੀ ਗਈ।

ਭਾਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਰਚਿਤ ਬਾਣੀ ਜੋ ਆਦਿ ਗ੍ਰੰਥ ਸਾਹਿਬ ਦੇ 250 ਅੰਗ ਤੇ ਰਾਗ ਗਉੜੀ ਵਿਚ ਬਾਵਨ ਅੱਖਰੀ ਦੇ ਸਿਰਲੇਖ ਹੇਠ ਉਚਾਰੀ ਗਈ ਦੇ ਨਾਮ ਨਾਲ ਬਾਣੀ ਉਚਾਰੀ ਹੈ, ਭਾਵ ਬਵੰਜਾ (52) ਅੱਖਰਾਂ ਵਾਲੀ ਬਾਣੀ। ਪਰ ਬਵੰਜਾ ਅੱਖਰ ਤਾਂ ਹਿੰਦੀ ਭਾਸ਼ਾ ਦੀ ਲਿਪੀ ਦੇਵਨਾਗਰੀ ਦੇ ਹਨ, ਗੁਰਮੁਖੀ

ਲਿਪੀ ਦੇ ਰਹੇ ਹਨ। ਭਾਸ਼ਾ ਤੋਂ ਭਾਵ ਜਿਸ ਬੋਲੀ ਵਿਚ ਅਸੀਂ ਆਪਣੇ ਮਨ ਦੇ ਵਿਚਾਰ ਬੋਲ ਕੇ ਪ੍ਰਗਟ ਕਰਦੇ ਹਾਂ ਅਤੇ ਲਿਪੀ ਤੋਂ ਭਾਵ ਹੈ ਉਹਨਾਂ ਮੂੰਹੋਂ ਨਿਕਲੇ ਬੋਲਾਂ ਨੂੰ ਲਿਖਤੀ ਰੂਪ ਅੱਖਰਾਂ ਦੁਆਰਾ ਦਿੰਦੇ ਹਾਂ।

ਪਰ ਇਸ ਬਾਵਨ ਅੱਖਰੀ "ਬਾਣੀ ਦੇ ਬਵੰਜਾ ਅੱਖਰ ਰਹੇ ਹਨ ਇਸ ਰਚਨਾ ਵਿਚ ਅੱਖਰ "ਕੱਕੇ" ਤੋਂ "ਙਾਙੇ" ਤੱਕ ਅੱਖਰਾਂ ਦੀ ਤਰਤੀਬ ਅਨੁਸਾਰ ਮੁਕੱਰਰ ਅੱਖਰਾਂ ਦੀ ਤਰਤੀਬ ਹੈ। ਅੱਖਰ ਊੜਾ (ੳ), ਐੜਾ (ਅ) ਅਤੇ ਈੜੀ (ੲ) ਦਾ ਉਚਾਰਣ ਸੰਯੁਕਤ ਰੂਪ ਵਿਚ ਹੋਇਆ ਹੈ "ਸੱਸਾ" (ਸ) ਅੱਖਰ ਆਪਣੀ ਤਰਤੀਬ ਤੋਂ ਅੱਗੇ ਪਿੱਛੇ ਹੈ ਅਤੇ "ਹਾਹਾ" (ਹ) ਅੱਖਰ ਦੁਆਰਾ ਰਚਨਾ ਇਸ ਵਿਚ ਨਹੀਂ ਹੈ। ਪਰ ਕੁਝ ਅੱਖਰ ਇੱਕ ਤੋਂ ਵੱਧ ਵਾਰੀ ਵੀ ਆਏ ਹਨ।

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਗ "ਆਸਾ" ਵਿਚ "ਪਟੀ" ਦੇ ਸਿਰਲੇਖ ਹੇਠ, ਅੱਖਰਾਂ ਰਾਹੀਂ ਬਾਣੀ ਦਾ ਉਚਾਰਣ ਕੀਤਾ, ਜਿਸ ਦੇ ਪੈਂਤੀ ਅੱਖਰ ਹਨ ਪਰ ~~ਕ~~ ਤਰਤੀਬ ਆਦਿ ਤੋਂ ਵੱਖਰੀ ਹੈ।

ਇਸੇ ਤਰ੍ਹਾਂ ਹੀ ਰਾਗ ਆਸਾ ਵਿਚ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ "ਪਟੀ" ਦੇ ਨਾਮ ਹੇਠ ਅੱਖਰਾਂ ਦੁਆਰਾ ਬਾਣੀ ਦਾ ਉਚਾਰ ਕੀਤਾ ਪਰ ਇਸ ਵਿਚ ਨਾ ਪੈਂਤੀ ਅੱਖਰ ਪੂਰੇ ਹਨ ਅਤੇ ਨਾ ਹੀ ਤਰਤੀਬ ਆਦਿ ਦੀ ਤਰਤੀਬ ਹੈ।

ਸ੍ਰੀ ਭਗਤ ਕਬੀਰ ਜੀ ਨੇ ਰਾਗ ਗਉੜੀ ਵਿਚ ਪੰਨਾ ਤੇ ਬਾਵਨ-ਅੱਖਰੀ ਬਾਣੀ ਦੇ ਸਿਰਲੇਖ ਹੇਠ ਇਹਨਾਂ ਅੱਖਰਾਂ ਦੇ ਆਧਾਰ ਤੇ ਉਚਾਰੀ, ਜਿਸ ਵਿਚ "ਕੱਕੇ" ਅੱਖਰ ਤੋਂ "ਵਵੇ" ਅੱਖਰ ਤਕ ਤਰਤੀਬ ਅਨੁਸਾਰ ਦੀ ਪੈਂਤੀ ਅੱਖਰੀ ਦੀ ~~ਤਰਤੀਬ~~ ਅਨੁਸਾਰ ਹੈ ਭਾਵੇਂ ਕਿ ਅੱਖਰ "ਙਙੇ" ਦਾ ਉਚਾਰਣ ਇਸ ਵਿਚ ਨਹੀਂ ਹੈ। "ਸੱਸਾ" ਅਤੇ "ਹਾਹਾ" ਅੱਖਰ ਇਹਨਾਂ ਪਿੱਛੇ ਹਨ। ਭਾਵੇਂ ਇਸ ਬਾਣੀ ਦੇ ਅਖੀਰ ਤੇ ਭਗਤ ਕਬੀਰ ਜੀ ਨੇ ਇਹ ਪੰਕਤੀ ਲਿਖੀ ਹੈ "ਬਾਵਨ ਅੱਖਰ ਜੋਰੇ ਆਨਿ" ~~ਪਰ~~ ਇਸ ਬਾਣੀ ਦੇ ਪਚੰਜਾ ਅੱਖਰ ਪੂਰੇ ਰਹੇ ਹਨ। ~~ਜਸ~~ ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਹ ਬਵੰਜਾ ਅੱਖਰ ਸੰਸਕ੍ਰਿਤ ਦੇ ਵਿਦਵਾਨਾਂ ਵਲੋਂ ਕਰਦੇ ~~ਆਪ~~ ਬਵੰਜਾ ਅੱਖਰਾਂ ਵੱਲ ਸੰਕੇਤ ਹੈ।

ਸੋ ਪਾਠਕ ਉਪਰੋਕਤ ਕਥਨ ਦੀ ਵਿਆਖਿਆ ਬਾਰੇ ਗੱਲ ਕਰਨ ਤੋਂ ਪਹਿਲਾਂ ਬੇਨਤੀ ਕਰਾਂ ਮੂੰਹੋਂ ਨਿਕਲੇ ਬੋਲਾਂ ਨੂੰ ਲਿਖਤੀ ਰੂਪ ਦੇਣ ਲਈ ਅੱਖਰਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਦੋਂ ਉਹ ਬੋਲ ਵਾਰਤਕ ਹੋਣ ਜਾਂ ਕਵਿਤਾ ਦੇ ਰੂਪ ਵਿਚ। ਲਿਖਤੀ ਰੂਪ ਵਿਚ ਆਏ ਬੋਲ ਉਸ ਭਾਸ਼ਾ ਦੀ ਲਿਪੀ ਕਹਿਲਾਉਂਦੀ ਹੈ ਜਿਵੇਂ ਸਾਡੀ ਬੋਲੀ "ਪੰਜਾਬੀ" ਹੈ ਅਤੇ ਲਿਪੀ "ਗੁਰਮੁਖੀ" ਹੈ। ਜਿਵੇਂ ਹਿੰਦੀ ਭਾਸ਼ਾ ਦੀ ਲਿਪੀ "ਦੇਵਨਾਗਰੀ" ਹੈ, ਅੱਖਰ ੳ, ਅ, ੲ ਆਦਿ। ਕੁੱਲ ੩੫ (ਪੈਂਤੀ ਹਨ)

ਗੁਰਬਾਣੀ ਦੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੀ ਇਕ ਪੰਕਤੀ ਹੈ "ਘਰ ਮਹਲ ਸੁਖ ਸਹਜ ਸਾਰਾ" ਜਦ ਸੂਤੇ ਲਿਖਣੇ ਬੋਲਾਂ ਨੂੰ ਲਿਖਤੀ ਰੂਪ ਦੇਣ, ਲਈ ਕੇਵਲ ਇਹ ਅੱਖਰ ਹੀ ਕਾਫੀ ਨਹੀਂ ਹਨ, ਮਾਤਰਾਵਾਂ ਵੀ ਜ਼ਰੂਰੀ ਹਨ ਜਿਨ੍ਹਾਂ ਬਾਰੇ ਅੱਗੇ ਚਲ ਕੇ ਚਰਚਾ ਕਰਾਂਗਾ।

ਵਿਆਕਰਣ ਦੁਆਰਾ ਸਾਨੂੰ ਕਿਸੇ ਬੋਲੀ ਨੂੰ ਠੀਕ ਲਿਖਣ ਅਤੇ ਬੋਲਣ ਦੀ ਜਾਚ ਆਉਂਦੀ ਹੈ।

ਵਿਆਕਰਣ ਅਨੁਸਾਰ ਦੋ ਜਾਂ ਦੋ ਤੋਂ ਵੱਧ ਅੱਖਰਾਂ ਦੇ ਜੋੜ (ਜਿਸ ਦਾ ਕੋਈ ਸਪਸ਼ਟ ਭਾਵ ਅਰਥ ਸਮਝਿਆ ਨਾ ਜਾਵੇ) ਨੂੰ ਸ਼ਬਦ ਕਿਹਾ ਜਾਂਦਾ ਹੈ ਅਤੇ ਦੋ ਜਾਂ ਦੋ ਤੋਂ ਵੱਧ ਸ਼ਬਦਾਂ ਦੇ ਜੋੜ (ਜਿਸ ਦਾ ਕੋਈ ਭਾਵ ਸਪਸ਼ਟ ਹੋਵੇ) ਨੂੰ ਵਾਕ ਕਿਹਾ ਜਾਂਦਾ ਹੈ।

ਕਈ ਵੇਰ ਤਾਂ ਦੋ ਜਾਂ ਦੋ ਤੋਂ ਵੱਧ ਅੱਖਰਾਂ ਦੇ ਜੋੜ ਤੋਂ ਬਣਿਆ ਸ਼ਬਦ ਠੀਕ ਭਾਵ ਸਪਸ਼ਟ ਕਰ ਦਿੰਦਾ ਹੈ ਪਰ ਕਈ ਵੇਰ ਮਾਤਰਾ ਤੋਂ ਬਿਨਾਂ, ਕੇਵਲ ਅੱਖਰਾਂ ਦੇ ਜੋੜ ਨਾਲ ਸ਼ਬਦ ਦਾ ਭਾਵ ਸਪਸ਼ਟ ਨਹੀਂ ਹੁੰਦਾ, ਉਥੇ ਮਾਤਰਾਵਾਂ ਦਾ ਪ੍ਰਯੋਗ ਕਰਨਾ ਜ਼ਰੂਰੀ ਹੋ ਜਾਂਦਾ ਹੈ। ਕਈ ਭਾਸ਼ਾਵਾਂ ਵਿਚ ਤਾਂ ਅੱਖਰ ਹੀ ਮਾਤਰਾਵਾਂ ਦਾ ਕੰਮ ਕਰਦੇ ਹਨ ਜਿਵੇਂ ਅੰਗਰੇਜ਼ੀ ਆਦਿ।

ਸੋ ਮਾਤਰਾਵਾਂ ਦਾ ਸਪਸ਼ਟੀਕਰਣ ਦੇਣਾ ਜ਼ਰੂਰੀ ਹੈ।

1. ਮੁਕਤਾ — ਇਸ ਦਾ ਲਿਖਤੀ ਰੂਪ ਦੇਖਣ ਵਿਚ ਨਹੀਂ ਹੈ ਪਰ ਜਿਸ ਅੱਖਰ ਨੂੰ ਕੋਈ ਮਾਤਰਾ ਨਹੀਂ ਲੱਗੀ ਉਸ ਅੱਖਰ ਨਾਲ ਮੁਕਤੇ ਦੀ ਮਾਤਰਾ ਸਮਝੀ ਜਾਂਦੀ ਹੈ ਜਿਵੇਂ "ਕ"
2. ਕੰਨਾ (ਾ) ਜੋ ਅੱਖਰ ਦੇ ਪਿਛੇ ਪਰ, ਅੱਖਰ ਤੋਂ ਬਾਦ ਲਿਖਿਆ ਜਾਂਦਾ ਹੈ "ਕਾ"
3. ਸਿਹਾਰੀ (ਿ) ਜੋ ਅੱਖਰ ਤੋਂ ਪਹਿਲਾਂ, ਅੱਖਰ ਦੇ ਬਰਾਬਰ ਲਿਖੀ ਜਾਂਦੀ ਹੈ "ਕਿ"
4. ਬਿਹਾਰੀ (ੀ) ਜੋ ਅੱਖਰ ਤੋਂ ਬਾਦ, ਅੱਖਰ ਦੇ ਬਰਾਬਰ ਲਿਖੀ ਜਾਂਦੀ ਹੈ "ਕੀ"
5. ਔਂਕੜ (ੁ) ਜੋ ਅੱਖਰ ਦੇ ਪੈਰੀਂ ਲਿਖਿਆ ਜਾਂਦਾ ਹੈ ਜਿਵੇਂ (ਕੁ)
6. ਦੁਲੈਂਕੜ (ੂ) ਜੋ ਅੱਖਰ ਦੇ ਪੈਰੀਂ ਲਿਖਿਆ ਜਾਂਦਾ ਹੈ ਜਿਵੇਂ (ਕੂ)
7. ਲਾਂ (ੇ) ਜੋ ਅੱਖਰ ਦੇ ਉੱਪਰ ਟੇਢੇ ਰੂਪ ਵਿਚ ਲਿਖੀ ਜਾਂਦੀ ਹੈ ਜਿਵੇਂ (ਕੇ)
8. ਦੁਲਾਂ (ੈ) " " " " " " " ਜਿਵੇਂ (ਕੈ)
9. ਹੋੜਾ (ੋ) ਇਹ ਅੱਖਰ ਦੇ ਉੱਪਰ ਲਿਖਿਆ ਜਾਂਦਾ ਹੈ ਜਿਵੇਂ (ਕੋ)
10. ਕਨੌੜਾ (ੌ) " " " " " " ਜਿਵੇਂ (ਕੌ)
11. ਟਿੱਪੀ (ੰ) ਇਹ ਅੱਖਰ ਦੇ ਉੱਪਰ ਲਗਾਈ ਜਾਂਦੀ ਹੈ ਜਿਵੇਂ (ਕੰ)
12. ਬਿੰਦੀ (ਂ) ਇਸ ਦਾ ਸਥਾਨ ਅੱਖਰ ਦੇ ਉੱਪਰ ਹੈ। ਪਰ ਇਹ ਅੱਖਰ ਨਾਲ ਲਗੀ ਕਿਸੇ ਹੋਰ ਮਾਤਰਾ ਦਾ ਲਗਾਉਣਾ ਜ਼ਰੂਰੀ ਹੈ (ਪਰ ਮੁਕਤਾ, ਔਂਕੜ, ਦੁਲੈਂਕੜ ਅਤੇ ਟਿੱਪੀ ਦੀ ਮਾਤਰਾ ਤੋਂ ਬਿਨਾ) ਜਿਵੇਂ ਕਿਂ, ਕੀਂ, ਕੇਂ, ਕੈਂ, ਕੋਂ, ਕੌਂ।

Note:- ਆਮ ਟਿੱਪੀ ਅਤੇ ਬਿੰਦੀ ਨੂੰ ਲਗਾਖਰ ਕਿਹਾ ਜਾਂਦਾ ਹੈ।

Sri Satguru Jagjit Singh Ji Elibrary NamdhariElibrary@gmail.com

ਗੁਰੂ ਸਾਹਿਬਾਨ ਨੇ ਗੁਰਮੁਖੀ ਦੀ ਰਚਨਾ ਕਵਿਤਾ ਰੂਪ ਵਿਚ ਕੀਤੀ ਹੈ,
ਵਿਚਾਰ ਕੀਤੀ ਅਤੇ ਰਚਨਾ ਸਮੇਂ ਕਿਸੇ ਵੀ ਅੱਖਰ ਜਾਂ ਮਾਤਰਾ ਘਟਾਉ-ਵਧਾਉ ਨਹੀਂ
ਕੀ ਜਾ ਸਕਦੀ, ਕਵਿਤਾ ਦੇ ਨਿਯਮਾਂ ਅਨੁਸਾਰ ਅੱਖਰਾਂ ਅਤੇ ਮਾਤਰਾਵਾਂ ਦਾ ਉਚ
ਪਿੰਗਲ ਅਨੁਸਾਰ ਸੰਜਮ ਰਿਹਾ ਹੈ।

ਮਾਤਰਾ ਦੋ ਪ੍ਰਕਾਰ ਦੀਆਂ ਹਨ :- ਲਘੂ ਅਤੇ ਗੁਰੂ ਜਾਂ ਦੀਰਘ।

1. ਲਘੂ ਮਾਤਰਾ :- (ਆਵਾਜ਼ ਵਿਚ ਛੋਟੀ ਮਾਤਰਾ) ਇਹ ਮਾਤਰਾ ਜਿਸ ਅੱਖਰ ਨਾਲ
ਲੱਗੇਗੀ ਉਸਦੀ ਆਵਾਜ਼ ਛੋਟੀ ਜਾਂ ਗੁਰੂ ਮਾਤਰਾ ਤੋਂ ਅੱਧੀ ਹੋਵੇਗੀ। ਇਹ
ਲਘੂ ਮਾਤਰਾ ਇਹ ਹਨ ਮੁਕਤਾ, ਸਿਹਾਰੀ ਅਤੇ ਔਂਕੜ।
2. ਗੁਰੂ ਜਾਂ ਦੀਰਘ ਮਾਤਰਾ (ਆਵਾਜ਼ ਵਿਚ ਲੰਮੀ ਮਾਤਰਾ) ਜੋ ਅੱਖਰ ਇਸ ਮਾਤਰਾ
ਦੀ ਸੰਗਤ ਕਰੇਗਾ। ਉਸ ਅੱਖਰ ਦੀ ਆਵਾਜ਼ ਲੰਮੀ ਹੋਵੇਗੀ ਭਾਵ ਲਘੂ ਮਾਤਰਾ ਤੋਂ
ਦੁਗਣੀ ਹੋਵੇਗੀ। ਗੁਰੂ ਮਾਤਰਾ ਇਹ ਹਨ ਕੰਨਾਂ, ਬਿਹਾਰੀ, ਦੁਲੈਂਕੜ, ਲਾਂ, ਦੁਲਾਂ,
ਹੋੜਾ ਅਤੇ ਕਨੌੜਾ। ਟਿੱਪੀ ਅਤੇ ਬਿੰਦੀ ਦੀ ਵਰਤੋਂ ਜਿਸ ~~[illegible]~~ ਲਘੂ ਮਾਤਰਾ
ਨਾਲ ਲਗਾਈ ਜਾਏਗੀ ਉਸ ਅਨੁਸਾਰ ਆਵਾਜ਼ ਹੋਵੇਗੀ ਭਾਵ ਲਘੂ ਨਾਲ ਲਘੂ
ਅਤੇ ਦੀਰਘ ਨਾਲ ਦੀਰਘ।

ਮੁੱਢਲੀ ਗੁਰਮੁਖੀ ਅਨੁਸਾਰ ਪੰਜਾਬੀ ਵਰਣ ਮਾਲਾ ਦੇ ਪੈਂਤੀ ਅੱਖਰਾਂ ਬਾਰੇ
ਭਗਤ ਕਵਿਤਾ ਤੋਂ ਪਹਿਲਾਂ ਇਹਨਾਂ ਅੱਖਰਾਂ ਦੇ ਬੋਲਣ ਅਨੁਸਾਰ ਬਾਰੇ ਦੱਸਣੀ
ਜ਼ਰੂਰੀ ਸਮਝਦਾ ਹਾਂ। ਇਹਨਾਂ ਅੱਖਰਾਂ ਦੇ ਬੋਲਣ ਸਥਾਨ, ਹੇਠ ਲਿਖੇ ਹਨ :-
1. ਅ, ਹ, ਕ, ਖ, ਗ, ਘ ਅਤੇ ਙ ਇਹਨਾਂ ਅੱਖਰਾਂ ਦਾ ਬੋਲਣ ਸਥਾਨ ਗਲਾ ਹੈ।
2. ਚ, ਛ, ਜ, ਝ, ਞ, ਯ, ਅਤੇ ਸ਼ ਇਹਨਾਂ ਅੱਖਰਾਂ ਦੇ ਬੋਲਣ ~~ਸਥਾਨ~~ ਸਮੇਂ ਜੀਭ ~~[illegible]~~
ਦਾ ਅਗਲਾ ਭਾਗ ਤਾਲੂ ਨਾਲ ~~[illegible]~~। ਜੋੜਨਾ ਜ਼ਰੂਰੀ ਹੈ।
3. ਟ, ਠ, ਡ, ਢ, ਣ, ੜ :- ਜਦੋਂ ਜੀਭ, ਤਾਲੂ ਨਾਲ ਜੁੜੇਗੀ ਤਾਂ ਹੀ ਇਹ ਅੱਖਰ
ਠੀਕ ਬੋਲੇ ਜਾ ਸਕਦੇ ਹਨ।
4. ਤ, ਥ, ਦ, ਧ, ਨ, ਲ ਅਤੇ ਸ :- ਜਦੋਂ ਜੀਭ ਦਾ ਅਗਲਾ ਸਿਰਾ ਤਾਲੂ ਨਾਲ ਜੁੜਦਾ ਤੇ ਇਹ
ਅੱਖਰ ਬੋਲੇ ਜਾਂਦੇ ਹਨ।
5. ਉ, ਵ, ਪ, ਫ, ਬ, ਭ ਅਤੇ ਮ :- ਦੋਨਾਂ ਬੁੱਲ੍ਹਾਂ ਨੂੰ ਮੀਟਿਆਂ ਹੀ ਇਹ ਅੱਖਰ
ਉਚਾਰ ਸਕਦੇ ਹਾਂ।

ਨੋਟ :- ਇਸ ਤੋਂ ਵੱਧ ਅੱਖਰ ਙ, ਞ, ਣ, ਨ ਅਤੇ ਮ (ਉਪਰੋਕਤ ਸਥਾਨਾਂ ਅਨੁਸਾਰ ਅੱਖਰ)
ਨੱਕ ਦੀ ਸਹਾਇਤਾ ਨਾਲ ਹੀ ਬੋਲੇ ਜਾ ਸਕਦੇ ਇਸੇ ਲਈ ਇਹਨਾਂ ਪੰਜਾਂ
ਅੱਖਰਾਂ ਨੂੰ ਅਨੁਨਾਸਿਕ ਕਿਹਾ ਜਾਂਦਾ ਹੈ।

- ਗੁਰਮੁਖੀ ਅਨੁਸਾਰ "~~[illegible]~~" ~~[illegible]~~ ਪੰਜਾਬੀ
ਵਰਣ ਮਾਲਾ ਦੇ ਪੈਂਤੀ ਅੱਖਰ ਦਾ ਵੇਰਵਾ -

1 ਨੰ:	2 ਅੱਖਰ	3 ਗੁਰਬਾਣੀ ਦੀ ਤੁਕ (ਸ੍ਰੀ ਆਦਿ ਗ੍ਰੰਥ)	4 ਪੰਨਾ
1.	"ੳ"	ਊੜੈ ਉਪਮਾ ਤਾ ਕੀ ਕੀਜੈ, ਜਾ ਕਾ ਅੰਤੁ ਨ ਪਾਇਆ	(੪੩੨)
2.	"ਅ"	ਆਇੜੈ ਆਪਿ ਕਰੀ ਜਿਨਿ ਛੋਡੀ ਫੁਨਿ ਚੀਜੀ ਜਿਨਿ ਰੰਗੁ ਕੀਆ	(੪੩੪)
		ਨੋਟ: ਅਖਰ "ਅ" ਨੂੰ "ਆਇੜਾ" ਪੁਕਾਰਿਆ ਗਿਆ ਹੈ	
3.	"ੲ"	ਈਵੜੀ ਆਦਿ ਪੁਰਖੁ ਪੁਰਖੁ ਹੈ ਦਾਤਾ ਆਪੇ ਸਚਾ ਸੋਈ	(੪੩੨)
		ਨੋਟ: "ੲ" ਅਖਰ ਨੂੰ "ਈਵੜੀ" ਅੱਖਰ ਪੁਕਾਰਿਆ ਗਿਆ ਹੈ	(੪੩੨)
4.	"ਸ"	ਸਸਾ ਸਿਆਨਪ ਛਾਡੁ ਇਆਨਾ ॥ ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ	(੨੬੦)
5.	"ਹ"	ਹਾਹਾ ਹੋਤ ਹੋਇ ਨਹੀ ਜਾਨਾ ॥ ਜਬ ਹੀ ਹੋਇ ਤਬਹਿ ਮਨੁ ਮਾਨਾ	(੩੪੨)
6.	"ਕ"	ਕਕਾ ਕਾਰਨ ਕਰਤਾ ਸੋਊ ॥ ਲਿਖਿਓ ਲੇਖੁ ਨ ਮੇਟਤ ਕੋਊ	(੨੫੩)
7	"ਖ"	ਖਖਾ ਖੋਜਿ ਪਰੈ ਜਉ ਕੋਈ ॥ ਜੋ ਖੋਜੈ ਸੋ ਬਹੁਰਿ ਨ ਹੋਈ ॥	(੩੪੨)
8.	"ਗ"	ਗਗਾ ਗੋਬਿਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ ॥	
9.	"ਘ"	ਘਘਾ ਘਟਿ ਘਟਿ ਨਿਮਸੈ ਸੋਈ ॥ ਘਟ ਫੂਟੇ ਘਟ ਕਬਹਿ ਨ ਹੋਈ	(੩੪੦)
10.	"ਙ"	ਙੰਙਾ ਙਾਸੈ ਕਾਲੁ ਤਿਹ ਜੋ ਸਾਕਤ ਪ੍ਰਭ ਕੀਨ ॥	(੩੪੦)
11.	"ਚ"	ਚਚਾ ਚਰਨ ਕਮਲ ਗੁਰ ਲਾਗਾ ॥ ਧਨਿ ਧਨਿ ਉਆ ਦਿਨ ਸੰਜੋਗ ਸਭਾਗਾ	(੩੪੦)
12	"ਛ"	ਛਛਾ ਛੋਹਰੇ ਦਾਸ ਤੁਮਾਰੇ ॥ ਦਾਸ ਦਾਸਨ ਕੇ ਪਾਨੀਹਾਰੇ	(੩੪੦)
13.	"ਜ"	ਜਜਾ ਜਾਨੈ ਹਉ ਕਛੁ ਹੂਆ ॥ ਬਾਧਿਓ ਜਿਉ ਨਲਿਨੀ ਭ੍ਰਮਿ ਸੂਆ ॥	(੩੪੧)
14	"ਝ"	ਝਝਾ ਝੂਰਨ ਮਿਟੈ ਤੁਮਾਰੋ ॥ ਰਾਮ ਨਾਮ ਸਿਉ ਕਰਿ ਬਿਉਹਾਰੋ ॥	(੩੪੧)
15	"ਞ"	ਞੰਞਾ ਞਾਣਹੁ ਦ੍ਰਿੜ ਸਹੀ ਬਿਨਸਿ ਜਾਤ ਏਹ ਹੇਤ ॥	(੩੪੧)
16.	"ਟ"	ਟਟੈ ਟੰਚੁ ਕਰਹੁ ਕਿਆ ਪ੍ਰਾਣੀ ਘੜੀ ਕਿ ਮੁਹਤਿ ਕਿ ਉਠਿ ਚਲਣਾ ।	(੪੩੩)
17.	"ਠ"	ਠਠੈ ਠਾਢਿ ਵਰਤੀ ਤਿਨ ਅੰਤਰਿ ਹਰਿ ਚਰਣੀ ਜਿਨ ਕਾ ਚਿਤੁ ਲਾਗਾ ॥	(੪੩੩)
18.	"ਡ"	ਡਡਾ ਡੇਰਾ ਇਹ ਨਹੀ ਜਹ ਡੇਰਾ ਤਹ ਜਾਨੁ ।	(੨੫੬)
